## ਅਧਿਆਇ 20

# ਪਾਪ ਅਤੇ ਮੌਤ

ਉਨ੍ਹਾਂ ਦੀਆਂ ਸਫ਼ਰੀ ਯੋਜਨਾਵਾਂ ਵਿਚ ਅਠੱਤੀ ਵਰ੍ਹੇ ਦੀ ਦੇਰੀ ਦੇ ਬਾਅਦ, ਇਸਰਾਏਲੀ ਫੇਰ ਤੁਰ ਪਏ। ਇਹ ਅਧਿਆਇ ਅਖ਼ੀਰਲੀਆਂ ਘਟਨਾਵਾਂ ਦਾ ਜੋ ਕਾਦੇਸ਼ ਵਿਚ ਵਾਪਰੀਆਂ ਸਨ ਅਤੇ ਹੋਰ ਪਰਬਤ ਵੱਲ ਨੂੰ ਇਸਰਾਏਲੀਆਂ ਦੇ ਸਫ਼ਰ ਦਾ ਵਰਣਨ ਕਰਦਾ ਹੈ।

## ਮਿਰਯਮ ਦੀ ਮੌਤ (20:1)

**1ਇਸਰਾਏਲੀਆਂ ਦੀ ਸਾਰੀ ਮੰਡਲੀ ਪਹਿਲੇ ਮਹੀਨੇ ਸੀਨ ਦੀ ਉਜਾੜ ਵਿੱਚ ਆਈ ਅਤੇ ਪਰਜਾ ਕਾਦੇਸ਼ ਵਿੱਚ ਟਿਕ ਗਈ ਪਰ ਉੱਥੇ ਮਿਰਯਮ ਮਰ ਗਈ ਅਤੇ ਉੱਥੇ ਦੱਬ ਦਿੱਤੀ ਗਈ।**

**ਆਇਤ 1.** ਪਾਪ ਅਤੇ ਮੌਤ ਦਾ ਇਹ ਵਿਰਤਾਂਤ **ਇਸਰਾਏਲੀਆਂ ਦੀ ਸਾਰੀ ਮੰਡਲੀ ਦੇ ਸੀਨ ਦੀ ਉਜਾੜ ਵਿੱਚ** ਪਹੁੰਚਣ ਨਾਲ ਸ਼ੁਰੂ ਹੁੰਦਾ ਹੈ। ਇਹ **ਪਹਿਲੇ ਮਹੀਨੇ** ਵਿਚ ਹੋਇਆ ਸੀ, ਹਾਲਾਂਕਿ ਸਾਲ ਦੇ ਬਾਰੇ ਨਹੀਂ ਦੱਸਿਆ ਗਿਆ ਹੈ। ਇਸ ਸਮੇਂ ਦੌਰਾਨ, **ਪਰਜਾ ਕਾਦੇਸ਼ ਵਿੱਚ ਟਿਕ ਗਈ**। ਇਹੋ ਉਹ ਥਾਂ ਹੈ ਜਿੱਥੇ **ਮਿਰਯਮ ਮਰ ਗਈ ਅਤੇ ਉੱਥੇ ਦੱਬ ਦਿੱਤੀ ਗਈ**।

ਇਸ ਆਇਤ ਵਿਚ 12:16 ਤੋਂ ਲੈ ਕੇ ਹੁਣ ਤੱਕ ਸਾਰੀ ਮੰਡਲੀ ਦੁਆਰਾ ਹਿੱਲਜੁਲ ਦਾ ਇਹ ਪਹਿਲਾ ਸੰਕੇਤ ਹੈ, ਜਿੱਥੇ ਮੂਲ ਲਿਖਤ ਆਖਦੀ ਹੈ ਕਿ ਉਹ "ਪਾਰਾਨ ਦੀ ਉਜਾੜ" ਵਿਚ ਆਏ। ਜਦੋਂ ਖੋਜ ਕੱਢਣ ਵਾਲਿਆਂ ਨੂੰ ਭੇਜਿਆ ਗਿਆ, ਉਨ੍ਹਾਂ ਨੇ "ਸੀਨ ਦੀ ਉਜਾੜ" ਨਾਲ ਸ਼ੁਰੂਆਤ ਕਰਦਿਆਂ ਪੂਰੇ ਦੇਸ ਦਾ ਸਰਵੇਖਣ ਕੀਤਾ (13:21)। ਪਾਰਾਨ ਦੀ ਉਜਾੜ ਸ਼ਾਇਦ ਸੀਨ ਦੀ ਉਜਾੜ ਦੇ ਨੇੜੇ ਤੇੜੇ ਸੀ। ਗਿਣਤੀ 33:36 ਕਹਿੰਦੀ ਹੈ, "ਉਨ੍ਹਾਂ ਨੇ ... ਸੀਨ ਦੀ ਉਜਾੜ ਵਿੱਚ ਜਿਹੜੀ ਕਾਦੇਸ਼ ਹੈ ਡੇਰੇ ਲਾਏ," ਇਹ ਸੁਝਾਅ ਦੇ ਰਹੀ ਹੈ ਕਿ ਕਾਦੇਸ਼ ਸੀਨ ਦੀ ਉਜਾੜ ਵਿਚ ਸੀ।[1] ਗਿਣਤੀ 13:26 ਵੀ ਕਹਿੰਦੀ ਹੈ ਕਿ ਇਸਰਾਏਲੀ "ਪਾਰਾਨ ਦੀ ਉਜਾੜ ਵਿੱਚ, ਕਾਦੇਸ਼ ਵਿੱਚ" ਸਨ। ਕਿਉਂਕਿ ਕਾਦੇਸ਼ "ਸੀਨ ਦੀ ਉਜਾੜ" ਅਤੇ "ਪਾਰਾਨ ਦੀ ਉਜਾੜ" ਦੋਹਾਂ ਨਾਲ ਜੁੜਿਆ ਹੋਇਆ ਹੈ, ਇਹ ਪਰਤੱਖ ਰੂਪ ਵਿਚ ਇਨ੍ਹਾਂ ਦੋਹਾਂ ਉਜਾੜ ਵਿਚਕਾਰ ਸਰਹੱਦ ਤੇ ਸੀ। ਸੀਨ ਦੀ ਉਜਾੜ ਕਨਾਨ ਦਾ ਦੱਖਣੀ ਇਲਾਕਾ ਸੀ ਅਤੇ ਪਾਰਾਨ ਦੀ ਉਜਾੜ ਮਾਰੂਥਲ ਦਾ ਉੱਤਰੀ ਹਿੱਸਾ ਸੀ ਜੋ ਸੀਨਈ ਪ੍ਰਾਇਦੀਪ ਵਿਚ ਦੱਖਣ ਵੱਲ ਨੂੰ ਫੈਲਿਆ ਹੋਇਆ ਸੀ।

ਪਰਤੱਖ ਰੂਪ ਵਿਚ, 20 ਅਧਿਆਇ ਦੀ ਸ਼ੁਰੂਆਤ ਵਿਚ, ਇਸਰਾਏਲੀ ਉਜਾੜ ਵਿਚ ਜਾਣ ਦੇ ਲਈ ਕਾਦੇਸ਼ ਤੋਂ ਨਿੱਕਲੇ ਸਨ, ਜਿਵੇਂ ਯਹੋਵਾਹ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ (14:25; ਬਿਵਸਥਾ ਸਾਰ 1:40)। ਇਹ ਵੀ ਸੰਭਵ ਹੈ ਕਿ ਭਟਕਣ ਦੇ ਉਨ੍ਹਾਂ ਦੇ ਵਰ੍ਹਿਆਂ ਦੌਰਾਨ, ਇਸਰਾਏਲੀ - ਜਾਂ ਸਾਰੇ ਦੇ ਸਾਰੇ ਜਾਂ ਸਮੂਹਾਂ ਵਿਚ - ਕਾਦੇਸ਼ ਤੋਂ ਦੱਖਣ ਵੱਲ ਗਏ ਅਤੇ ਉੱਥੇ ਪਰਤ ਆਏ ਅਤੇ ਉਸ ਸਮੇਂ ਦੌਰਾਨ ਕਾਦੇਸ਼ ਨੂੰ ਉਨ੍ਹਾਂ ਦੇ ਕੰਮਾਂ ਦਾ ਕੇਂਦਰ ਬਣਾ ਲਿਆ (ਵੇਖੋ ਬਿਵਸਥਾ ਸਾਰ 1:46)। ਉਹ ਲਗਭਗ ਚਾਲੀ ਸਾਲ ਉਜਾੜ ਵਿਚ ਭਟਕਦੇ ਰਹੇ ਸਨ (14:32-35)। ਇਸ ਸਮੇਂ, ਉਹ ਉਨ੍ਹਾਂ ਦੇ ਉਜਾੜ ਵਿਚ ਭਟਕਣ ਤੋਂ ਵਾਪਸ ਉਨ੍ਹਾਂ ਦੇ ਸ਼ੁਰੂਆਤੀ ਥਾਂ ਕਾਦੇਸ਼ ਵਿਚ ਆ ਗਏ ਸਨ,

ਉਹ ਥਾਂ ਜਿੱਥੋਂ ਉਨ੍ਹਾਂ ਨੇ ਵਾਅਦੇ ਦੀ ਧਰਤੀ ਵਿਚ ਜਾਣਾ ਸੀ।[2]

ਸੀਨ ਦੀ ਉਜਾੜ ਵਿਚ ਉਨ੍ਹਾਂ ਦੇ ਪਹੁੰਚਣ ਦੀ ਮਿਤੀ "ਪਹਿਲੇ ਮਹੀਨੇ ਵਿੱਚ" ਹੈ। ਸੰਭਵ ਤੌਰ ਤੇ, ਸਾਲ ਅਸਲੀ ਹੱਥਲਿਖਤ ਵਿਚ ਦਿੱਤਾ ਗਿਆ ਸੀ ਪਰ ਬਾਅਦ ਵਿਚ ਲੇਖਕ ਦੀ ਗਲਤੀ ਦੇ ਕਾਰਣ ਇਸ ਨੂੰ ਬਾਅਦ ਵਾਲੀਆਂ ਨਕਲਾਂ ਵਿੱਚੋਂ ਕੱਢ ਦਿੱਤਾ ਗਿਆ ਸੀ। ਕਿਸੇ ਵੀ ਹਾਲਤ ਵਿਚ, ਸਮਾਂ ਲਗਭਗ ਨਿਸ਼ਚਤ ਤੌਰ ਤੇ ਇਸਰਾਏਲੀਆਂ ਦੇ ਉਜਾੜ ਆਖ਼ਰੀ ਸਾਲ ਦਾ "ਪਹਿਲਾ ਮਹੀਨਾ" ਸੀ। ਗਿਣਤੀ 33:38, 39 ਸਪੱਸ਼ਟ ਤੌਰ ਤੇ ਦੱਸਦੀਆਂ ਹਨ ਕਿ ਹਾਰੂਨ ਇਸਰਾਏਲੀਆਂ ਦੇ ਮਿਸਰ ਦੇਸ ਵਿੱਚੋਂ ਕੂਚ ਕਰਨ ਤੋਂ ਬਾਅਦ "ਚਾਲੀਵੇਂ ਵਰਹੇ" ਦੇ "ਪੰਜਵੇਂ ਮਹੀਨੇ ਦੇ ਪਹਿਲੇ ਦਿਨ" ਮਰ ਗਿਆ। ਇਹ ਮੰਨਣਾ ਉਚਿਤ ਹੈ ਕਿ ਮਿਰਯਮ ਉਸੇ ਵਰਹੇ ਦੇ ਪਹਿਲੇ ਮਹੀਨੇ ਵਿਚ ਮਰ ਗਈ ਸੀ।

ਇਸ ਵਿਸ਼ੇ ਵਿਚ ਜੇਕਰ ਕਿਸੇ ਸਬੂਤ ਦੀ ਲੋੜ ਹੈ ਕਿ ਇਸਰਾਏਲੀ ਉਜਾੜ ਦੀ ਅਸੀਰੀ ਦੇ ਉਨ੍ਹਾਂ ਦੇ ਚਾਲੀ ਸਾਲ ਦੇ ਅੰਤ ਵਿਚ ਪਹੁੰਚ ਰਹੇ ਸਨ, ਇਹ ਇਸ ਤੱਥ ਦੁਆਰਾ ਦਿੱਤਾ ਗਿਆ ਹੈ ਕਿ ਮਿਰਯਮ ਜੋ ਕਿ ਇਸਰਾਏਲ ਵਿਚ ਇਕ ਉੱਘੀ ਹਸਤੀ ਸੀ, ਮਰ ਗਈ ਅਤੇ ਕਾਦੇਸ਼ ਵਿਚ ਦਫ਼ਨਾਈ ਗਈ। ਪੁਰਾਣੀ ਪੀੜ੍ਹੀ ਬੀਤ ਰਹੀ ਸੀ! ਉਸ ਦੇ ਭਰਾ ਹਾਰੂਨ ਦੀ ਮੌਤ ਦੇ ਉਲਟ, ਮਿਰਯਮ ਦੀ ਮੌਤ ਦਾ ਸੋਗ ਕਰਨ ਵਿਚ ਕਿੰਨਾ ਸਮਾਂ ਬਿਤਾਇਆ ਗਿਆ ਸੀ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ (20:29)। ਸ਼ਾਇਦ ਉਸ ਦੇ ਪਿਛਲੇ ਵਿਦਰੋਹ ਦਾ ਕਲੰਕ ਬਰਕਰਾਰ ਰਿਹਾ ਸੀ। ਪਰ, ਮੂਸਾ ਅਤੇ ਹਾਰੂਨ ਦੀ ਭੈਣ ਦੇ ਰੂਪ ਵਿਚ ਅਤੇ ਆਪਣੇ ਆਪ ਵਿਚ ਇਕ ਆਗੂ ਅਤੇ ਨਬੀਆ ਦੇ ਰੂਪ ਵਿਚ ਉਸ ਦੇ ਮਹੱਤਵ ਨੂੰ ਕੋਈ ਚੀਜ਼ ਨਹੀਂ ਮਿਟਾ ਸਕਦੀ (ਕੂਚ 15:20, 21)।

## ਇਸਰਾਏਲੀਆਂ ਦਾ ਬੁੜ ਬੁੜਾਉਣਾ, ਮੂਸਾ ਅਤੇ ਹਾਰੂਨ ਦਾ ਪਾਪ (20:2-13)

ਇਹ ਭਾਗ ਇਸਰਾਏਲੀਆਂ ਦੇ ਬੁੜ ਬੁੜਾਉਣ ਦੀ ਇਕ ਹੋਰ ਘਟਨਾ ਦੇ ਬਾਰੇ ਦੱਸਦਾ ਹੈ ਅਤੇ ਫਿਰ ਇਹ ਵਰਣਨ ਕਰਦਾ ਹੈ ਕਿ ਕਿਵੇਂ ਮੂਸਾ ਅਤੇ ਹਾਰੂਨ ਨੇ ਆਪਣੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਦੇ ਲਈ ਪਰਮੇਸ਼ੁਰ ਦੀ ਯੋਜਨਾ ਦੇ ਸੰਬੰਧ ਵਿਚ ਪਾਪ ਕੀਤਾ ਸੀ।

### ਬੁੜ ਬੁੜਾਉਣਾ ਅਤੇ ਆਗੂਆਂ ਦੀ ਪ੍ਰਤੀਕਿਰਿਆ (20:2-8)

**[2]ਉੱਥੇ ਮੰਡਲੀ ਲਈ ਪਾਣੀ ਨਹੀਂ ਸੀ ਤਾਂ ਉਹ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਇਕੱਠੀ ਹੋਈ। [3]ਅਤੇ ਪਰਜਾ ਮੂਸਾ ਨਾਲ ਝਗੜਨ ਲੱਗੀ ਅਤੇ ਉਨ੍ਹਾਂ ਨੇ ਆਖਿਆ, ਭਲਾ ਹੁੰਦਾ ਜੇ ਅਸੀਂ ਪ੍ਰਾਣ ਤਿਆਗ ਦਿੰਦੇ ਜਦ ਸਾਡੇ ਭਰਾਵਾਂ ਨੇ ਯਹੋਵਾਹ ਅੱਗੇ ਪ੍ਰਾਣ ਤਿਆਗੇ ਸਨ! [4]ਤੁਸੀਂ ਯਹੋਵਾਹ ਦੀ ਸਭਾ ਨੂੰ ਕਾਹਨੂੰ ਏਸ ਉਜਾੜ ਵਿੱਚ ਲੈ ਆਏ ਹੋ ਕਿ ਅਸੀਂ ਅਤੇ ਸਾਡੇ ਪਸੂ ਏਥੇ ਮਰੀਏ? [5]ਤੁਸੀਂ ਕਾਹਨੂੰ ਸਾਨੂੰ ਮਿਸਰ ਤੋਂ ਉਤਾਹਾਂ ਲਿਆਏ? ਤੁਸਾਂ ਸਾਨੂੰ ਏਸ ਬੁਰੇ ਥਾਂ ਵਿੱਚ ਲਿਆਂਦਾ ਜਿੱਥੇ ਨਾ ਬੀ, ਨਾ ਹਜੀਰ, ਨਾ ਦਾਖ ਦੀ ਬੇਲ, ਨਾ ਅਨਾਰ, ਅਤੇ ਨਾ ਪੀਣ ਲਈ ਪਾਣੀ ਹੈ। [6]ਤਾਂ ਮੂਸਾ ਅਤੇ ਹਾਰੂਨ ਸਭਾ ਦੇ ਅੱਗੋਂ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਜਾ ਕੇ ਮੂੰਹਾਂ ਭਾਰ ਡਿੱਗੇ ਤਾਂ ਯਹੋਵਾਹ ਦਾ ਪਰਤਾਪ ਉਨ੍ਹਾਂ ਉੱਤੇ ਪਰਗਟ ਹੋਇਆ। [7]ਯਹੋਵਾਹ ਮੂਸਾ ਨੂੰ ਬੋਲਿਆ, [8]ਢਾਂਗਾ ਲੈ ਕੇ ਮੰਡਲੀ ਨੂੰ ਇਕੱਠਾ ਕਰ, ਤੂੰ ਅਤੇ ਤੇਰਾ ਭਰਾ ਹਾਰੂਨ ਅਤੇ ਤੁਸੀਂ ਉਨ੍ਹਾਂ ਦੇ ਵੇਖਦਿਆਂ ਪੱਥਰੇਲੀ ਢਿੱਗ ਨੂੰ ਬੋਲੋ ਕਿ ਉਹ ਆਪਣਾ ਪਾਣੀ ਦੇਵੇ ਅਤੇ ਤੂੰ ਉਨ੍ਹਾਂ ਲਈ ਢਿੱਗ ਤੋਂ ਪਾਣੀ ਕੱਢੇਂਗਾ। ਇਉਂ ਤੂੰ ਏਸ ਮੰਡਲੀ ਨੂੰ ਅਤੇ ਉਨ੍ਹਾਂ ਦੇ ਪਸੂਆਂ ਨੂੰ ਪਿਲਾਵੇਂਗਾ।**

**ਆਇਤ 2.** ਘਟਨਾ ਇਸ ਕਥਨ ਨਾਲ ਸ਼ੁਰੂ ਹੁੰਦੀ ਹੈ ਕਿ **ਉੱਥੇ ਮੰਡਲੀ ਲਈ ਪਾਣੀ ਨਹੀਂ ਸੀ।** ਇਹ ਕਿ ਕਾਦੇਸ਼ ਵਿਚ ਪਾਣੀ ਨਹੀਂ ਸੀ ਇਸ ਨਾਲ ਇਕ ਗੰਭੀਰ ਸਮੱਸਿਆ ਪੈਦਾ ਹੋ ਗਈ ਸੀ। ਉਸ ਇਲਾਕੇ ਵਿਚ ਤਿੰਨ ਝਰਨੇ ਸਨ ਅਤੇ ਪਰਜਾ ਨੇ ਪਾਣੀ ਉਪਲਬਧ ਹੋਣ *ਦੇ ਕਾਰਣ* ਉੱਥੇ ਡੇਰਾ ਲਾਇਆ ਸੀ।

ਇਸ ਥਾਂ ਵਿਚ ਪਾਣੀ ਕਿਉਂ ਨਹੀਂ ਸੀ? ਕਿਸੇ ਕਾਰਣ, ਕਾਦੇਸ਼ ਵਿਚ ਜੋ ਚਸ਼ਮੇ ਸਨ ਸੁੱਕ ਗਏ ਸਨ। ਇਸਰਾਏਲੀਆਂ ਦੇ ਨਾਲ ਉਨ੍ਹਾਂ ਦੇ ਪਸ਼ੂਆਂ ਦੀ ਵੱਡੀ ਗਿਣਤੀ ਨੂੰ ਧਿਆਨ ਵਿਚ ਰੱਖਦੇ ਹੋਏ, ਕੁਝ ਸਮਾਂ ਬੀਤਣ ਦੇ ਬਾਅਦ ਚਸ਼ਮਿਆਂ ਦਾ ਸੁੱਕਣਾ ਸੁਭਾਵਕ ਸੀ।

**ਆਇਤ 3.** ਪਹਿਲਾਂ ਦੀ ਤਰ੍ਹਾਂ, **ਪਰਜਾ** ਇਕੱਠੀ ਹੋਈ ਅਤੇ **ਮੂਸਾ ਨਾਲ ਝਗੜਨ ਲੱਗੀ।** ਹੋਰਨਾਂ ਗੱਲਾਂ ਦੇ ਨਾਲ-ਨਾਲ, ਉਨ੍ਹਾਂ ਨੇ ਆਖਿਆ, **ਭਲਾ ਹੁੰਦਾ ਜੇ ਅਸੀਂ ਪ੍ਰਾਣ ਤਿਆਗ ਦਿੰਦੇ ਜਦ ਸਾਡੇ ਭਰਾਵਾਂ ਨੇ ਯਹੋਵਾਹ ਅੱਗੇ ਪ੍ਰਾਣ ਤਿਆਗੇ ਸਨ!** ਇਸ ਤਰ੍ਹਾਂ ਲੱਗਦਾ ਹੈ ਕਿ ਉਹ ਪੁਰਾਣੀ ਪੀੜ੍ਹੀ ਵਿੱਚੋਂ ਉਨ੍ਹਾਂ ਲੋਕਾਂ ਦਾ ਹਵਾਲਾ ਦੇ ਰਹੇ ਹੋਣਗੇ ਜਿਹੜੇ ਉਨ੍ਹਾਂ ਦੇ ਮਿਸਰ ਦੇਸ ਵਿੱਚੋਂ ਕੂਚ ਕਰਨ ਤੋਂ ਬਾਅਦ ਵੱਖ-ਵੱਖ ਵਿਦਰੋਹਾਂ ਵਿਚ ਪਰਮੇਸ਼ੁਰ ਦੁਆਰਾ ਮਾਰੇ ਗਏ ਸਨ (11:33, 34; 14:39-45; 16:31-35, 41-50)। ਉਨ੍ਹਾਂ ਦੇ ਆਗੂ ਜਿਹੜੇ ਇਸ ਮੌਕੇ ਤੇ ਬੁੜ ਬੁੜਾਏ ਸਨ ਪੁਰਾਣੀ ਪੀੜ੍ਹੀ ਦਾ ਹਿੱਸਾ ਹੋਣਗੇ ਜਿਨ੍ਹਾਂ ਨੂੰ ਮਰਨ ਦੇ ਦੋਸ਼ੀ ਠਹਿਰਾਇਆ ਗਿਆ ਸੀ। ਨਹੀਂ ਤਾਂ, ਉਨ੍ਹਾਂ ਨੇ “ਸਾਡੇ ਭਰਾਵਾਂ” ਦੀ ਬਜਾਇ “ਸਾਡੇ ਪਿਤਾ” ਕਹਿਣਾ ਸੀ।

**ਆਇਤ 4.** ਉਹ ਮੁੜ ਬੁੜ ਬੁੜਾਏ ਕਿ ਉਹ, ਉਨ੍ਹਾਂ ਦੇ ਪਸ਼ੂਆਂ ਨਾਲ, **ਏਸ ਉਜਾੜ ਵਿੱਚ** ਲਿਆਂਦੇ ਗਏ ਸਨ ਕਿ **ਏਥੇ ਮਰੀਏ** (ਵੇਖੋ 16:13; ਕੂਚ 14:11, 12)। ਉਨ੍ਹਾਂ ਨੇ ਆਖਿਆ ਕਿ ਮੂਸਾ ਉਨ੍ਹਾਂ ਨੂੰ ਇਕ ਚੰਗੇ ਦੇਸ ਵਿਚ ਨਹੀਂ ਸੀ ਲੈ ਕੇ ਆਇਆ, ਜਿਵੇਂ ਕਿ ਉਸ ਨੇ ਪਹਿਲਾਂ ਵਾਅਦਾ ਕੀਤਾ ਸੀ।

**ਆਇਤ 5.** ਉਨ੍ਹਾਂ ਨੇ ਦੁਹਾਈ ਦਿੱਤੀ ਕਿ ਏਸ **ਬੁਰੇ ਥਾਂ** ਵਿਚ ਨਾ **ਬੀ**, **ਹਜੀਰ**, **ਦਾਖ ਦੀ ਬੇਲ**, ਜਾਂ **ਅਨਾਰ** ਲੱਭ ਸਕਦਾ ਸੀ (ਵੇਖੋ 11:4-6, 18) ਅਤੇ ਉੱਥੇ **ਪੀਣ ਲਈ ਪਾਣੀ** ਵੀ ਨਹੀਂ ਸੀ (ਵੇਖੋ ਕੂਚ 15:22-25; 17:1-7)।

**ਆਇਤ 6. ਮੂਸਾ ਅਤੇ ਹਾਰੂਨ** ਨੇ **ਮੰਡਲੀ ਦੇ ਤੰਬੂ ਦੇ ਦਰਵੱਜੇ** ਕੋਲ ਜਾ ਕੇ **ਸਭਾ** ਦੇ ਬੁੜ ਬੁੜਾਉਣ ਦਾ ਜਵਾਬ ਦਿੱਤਾ, ਜਿੱਥੇ ਉਹ **ਮੂੰਹ ਭਾਰ ਡਿੱਗੇ।** ਇਸ ਤਰੀਕੇ ਨਾਲ, ਉਨ੍ਹਾਂ ਨੇ ਭੀੜ ਦੇ ਵਿਦਰੋਹੀ ਰਵੱਈਏ ਦੇ ਲਈ ਉਨ੍ਹਾਂ ਦੇ ਅਫ਼ਸੋਸ ਨੂੰ ਵਿਖਾਇਆ ਜਦੋਂ ਉਨ੍ਹਾਂ ਨੇ ਮਦਦ ਦੇ ਲਈ ਪਰਮੇਸ਼ੁਰ ਦੇ ਅੱਗੇ ਅਪੀਲ ਕੀਤੀ। ਇਸ ਸਮੇਂ, **ਯਹੋਵਾਹ ਦਾ ਪਰਤਾਪ ਉਨ੍ਹਾਂ ਉੱਤੇ ਪਰਗਟ ਹੋਇਆ।**

**ਆਇਤਾਂ 7, 8.** ਪਰਮੇਸ਼ੁਰ ਨੇ **ਮੂਸਾ** ਅਤੇ **ਹਾਰੂਨ** ਨੂੰ **ਢਾਂਗਾ ਲੈ ਕੇ** ਸਭਾ ਦੀ ਮੌਜੂਦਗੀ ਵਿਚ **ਢਿੱਗ ਨੂੰ ਬੋਲਣ** ਦੇ ਲਈ ਆਖਿਆ। ਉਨ੍ਹਾਂ ਦੁਆਰਾ ਪਰਮੇਸ਼ੁਰ ਦੀ ਗੱਲ ਨੂੰ ਮੰਨਣ ਨਾਲ, **ਢਿੱਗ ਆਪਣਾ ਪਾਣੀ ਦੇਵੇਗੀ** ਅਤੇ **ਮੰਡਲੀ ਅਤੇ ਉਨ੍ਹਾਂ ਦੇ ਪਸ਼ੂ** ਉਸ ਪਾਣੀ ਨੂੰ **ਪੀ** ਸਕਦੇ ਸਨ।

ਅਸੀਂ ਸ਼ਾਇਦ ਹੈਰਾਨ ਹੋ ਸਕਦੇ ਹਾਂ ਕਿ ਪਰਮੇਸ਼ੁਰ ਉਨ੍ਹਾਂ ਦੇ ਬੁੜ ਬੁੜਾਉਣ ਨੂੰ ਇੰਨੇ ਹਲਕੇ ਵਿਚ ਕਿਵੇਂ ਲੈ ਸਕਦਾ ਸੀ। ਉਨ੍ਹਾਂ ਦੇ ਲਈ ਪਾਣੀ ਦਾ ਇੰਤਜ਼ਾਮ ਕਰਨ ਦੀ ਬਜਾਇ ਪਰਮੇਸ਼ੁਰ ਨੇ ਉਨ੍ਹਾਂ ਨੂੰ ਨਾਸ ਕਿਉਂ ਨਹੀਂ ਕੀਤਾ, ਅਸਲ ਵਿਚ ਉਨ੍ਹਾਂ ਦੇ ਬੁੜ ਬੁੜਾਉਣ ਦੀ ਉਨ੍ਹਾਂ ਨੂੰ ਸਜ਼ਾ ਕਿਉਂ ਨਹੀਂ ਦਿੱਤੀ?

ਇਸ ਦਾ ਸਿਰਫ ਇੱਕੋ ਜਵਾਬ ਹੈ ਅਤੇ ਉਹ ਇਹ ਹੈ ਕਿ ਪਰਮੇਸ਼ੁਰ “ਦਿਆਲੂ ਅਤੇ ਕਿਰਪਾਲੂ ਪਰਮੇਸ਼ੁਰ ਹੈ ਕਰੋਧ ਵਿੱਚ ਧੀਰਜੀ ਅਤੇ ਭਲਿਆਈ ਅਤੇ ਸਚਿਆਈ ਨਾਲ ਭਰਪੂਰ” (ਕੂਚ 34:6)। ਇਕ ਹੋਰ ਸੰਭਵ ਜਵਾਬ ਇਸ ਬੁੜ ਬੁੜਾਉਣ ਦੇ ਸਮੇਂ ਨਾਲ ਸੰਬੰਧ ਰੱਖਦਾ ਹੈ। ਪਿਛਲੇ

ਵਿਦਰੋਹ ਕੀਤੇ ਨੂੰ ਕਾਫੀ ਵਰਹੇ ਬੀਤ ਚੁੱਕੇ ਸਨ। ਸ਼ਾਇਦ ਪਰਮੇਸ਼ੁਰ ਦਾ ਝੁਕਾਅ ਉਨ੍ਹਾਂ ਨੂੰ ਮਾਫ਼ ਕਰਨ ਵੱਲ ਜ਼ਿਆਦਾ ਸੀ ਜਿਹੜੇ ਬੁੜ ਬੁੜਾਉਣ ਦੇ ਨਤੀਜਿਆਂ ਨੂੰ ਭੁੱਲ ਚੁੱਕੇ ਸਨ। ਫਿਰ ਵੀ ਇਕ ਹੋਰ ਸੰਭਾਵਨਾ ਇਹ ਹੈ ਕਿ ਵਿਦਰੋਹ ਕਰਨ ਵਾਲਿਆਂ ਵਿੱਚੋਂ ਜ਼ਿਆਦਾਤਰ ਨਵੀਂ ਜਾਂ ਜੁਆਨ ਪੀੜ੍ਹੀ ਦੇ ਸਨ (ਕਿਉਂਕਿ ਪੁਰਾਣੀ ਪੀੜ੍ਹੀ ਦੇ ਜ਼ਿਆਦਾਤਰ ਲੋਕ ਪਹਿਲਾਂ ਹੀ ਮਰ ਚੁੱਕੇ ਸਨ)। ਬੁੜ ਬੁੜਾਉਣ ਵਾਲੇ ਇਹ ਲੋਕ, ਆਮ ਤੌਰ ਤੇ, ਉਨ੍ਹਾਂ ਵਿੱਚੋਂ ਨਹੀਂ ਸਨ ਜਿਹੜੇ ਪਹਿਲਾਂ ਬੁੜ ਬੁੜਾਏ ਸਨ। ਇਸੇ ਕਰਕੇ ਪਰਮੇਸ਼ੁਰ ਉਨ੍ਹਾਂ ਦੇ ਪ੍ਰਤੀ ਜ਼ਿਆਦਾ ਧੀਰਜਵਾਨ ਹੋਵੇਗਾ। ਇਸ ਵਕਤ ਉਸ ਦੀ ਇੱਛਾ ਉਸ ਵਿਚ ਉਨ੍ਹਾਂ ਦੀ ਨਿਹਚਾ ਨੂੰ ਮਜ਼ਬੂਤ ਕਰਨ ਦੇ ਲਈ ਉਨ੍ਹਾਂ ਨੂੰ ਉਹ ਦੇਣ ਦੀ ਸੀ ਜਿਸ ਦੀ ਉਨ੍ਹਾਂ ਨੇ ਮੰਗ ਕੀਤੀ ਸੀ।

## ਮੂਸਾ ਅਤੇ ਹਾਰੂਨ ਦੇ ਕੰਮ ਅਤੇ ਪਰਮੇਸ਼ੁਰ ਦਾ ਰੱਦਣਾ (20:9-13)

**9ਉਪਰੰਤ ਮੂਸਾ ਨੇ ਯਹੋਵਾਹ ਦੇ ਅੱਗੋਂ ਢਾਂਗਾ ਲਿਆ ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ।**
**10ਅਤੇ ਮੂਸਾ ਅਰ ਹਾਰੂਨ ਨੇ ਸਭਾ ਨੂੰ ਉਸ ਢਿੱਗ ਦੇ ਅੱਗੇ ਇਕੱਠਾ ਕੀਤਾ ਅਤੇ ਉਸ ਨੇ ਉਨ੍ਹਾਂ ਨੂੰ ਆਖਿਆ, ਸੁਣੋ ਤੁਸੀਂ ਝਗੜਾਲੂਓ, ਕੀ ਅਸੀਂ ਤੁਹਾਡੇ ਲਈ ਏਸ ਢਿੱਗ ਤੋਂ ਪਾਣੀ ਕੱਢੀਏ?**
**11ਫੇਰ ਮੂਸਾ ਨੇ ਆਪਣਾ ਹੱਥ ਚੁੱਕ ਕੇ ਉਸ ਢਿੱਗ ਨੂੰ ਆਪਣੇ ਢਾਂਗੇ ਨਾਲ ਦੋ ਵਾਰ ਮਾਰਿਆ ਤਾਂ ਬਹੁਤ ਪਾਣੀ ਨਿੱਕਲ ਆਇਆ, ਫੇਰ ਮੰਡਲੀ ਅਤੇ ਉਨ੍ਹਾਂ ਦੇ ਪਸੂਆਂ ਨੇ ਪੀਤਾ।**
**12ਉਪਰੰਤ ਯਹੋਵਾਹ ਨੇ ਮੂਸਾ ਅਤੇ ਹਾਰੂਨ ਨੂੰ ਆਖਿਆ, ਏਸ ਲਈ ਕਿ ਤੁਸਾਂ ਮੇਰੀ ਪਰਤੀਤ ਨਾ ਕੀਤੀ ਕਿ ਇਸਰਾਏਲ ਦੀਆਂ ਅੱਖਾਂ ਵਿੱਚ ਮੈਨੂੰ ਪਵਿੱਤ੍ਰ ਠਹਿਰਾਉਂਦੇ, ਹੁਣ ਤੁਸੀਂ ਏਸ ਸਭਾ ਨੂੰ ਉਸ ਧਰਤੀ ਵਿੱਚ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ, ਨਹੀਂ ਲੈ ਜਾਓਗੇ।**
**13ਏਹ ਮਰੀਬਾਹ ਦਾ ਪਾਣੀ ਹੈ ਕਿਉਂ ਜੋ ਇਸਰਾਏਲੀਆਂ ਨੇ ਯਹੋਵਾਹ ਨਾਲ ਝਗੜਾ ਕੀਤਾ। ਸੋ ਉਹ ਉਨ੍ਹਾਂ ਦੇ ਵਿੱਚ ਪਵਿੱਤ੍ਰ ਠਹਿਰਾਇਆ ਗਿਆ।**

**ਆਇਤ 9.** ਵਿਰਤਾਂਤ ਅੱਗੇ ਇਹ ਕਹਿੰਦਾ ਹੈ ਕਿ **ਮੂਸਾ ਨੇ ... ਢਾਂਗਾ ਲਿਆ**, ਜਿਵੇਂ ਉਸ ਨੂੰ ਕਰਨ ਦੇ ਲਈ ਆਖਿਆ ਗਿਆ ਸੀ। ਇਸ ਸੰਬੰਧੀ ਸਵਾਲ ਖੜ੍ਹਾ ਕੀਤਾ ਗਿਆ ਹੈ ਕਿ ਮੂਸਾ ਨੇ ਕਿਸ ਦਾ "ਢਾਂਗਾ" ਲੈਣਾ ਸੀ। ਪਰਮੇਸ਼ੁਰ ਨੇ ਸਿਰਫ ਆਖਿਆ ਸੀ, "ਢਾਂਗਾ ਲੈ" (20:8) ਅਤੇ ਫਿਰ ਆਇਤ 9 ਕਹਿੰਦੀ ਹੈ ਕਿ "ਮੂਸਾ ਨੇ" **ਯਹੋਵਾਹ ਦੇ ਅੱਗੋਂ** "ਢਾਂਗਾ ਲਿਆ।" ਇਨ੍ਹਾਂ ਵਾਕਾਂ ਵਿਚ "ਢਾਂਗਾ" ਹਾਰੂਨ ਦੇ ਢਾਂਗੇ ਦਾ ਹਵਾਲਾ ਦਿੰਦਾ ਜਾਪਦਾ ਹੈ ਜਿਹੜਾ ਫੁੱਟ ਪਿਆ ਸੀ ਅਤੇ ਅੱਤ ਪਵਿੱਤਰ ਅਸਥਾਨ ਦੇ ਅੰਦਰ ਰੱਖਿਆ ਗਿਆ ਸੀ (17:10)। ਪਰ, ਆਇਤ 11 ਆਖਦੀ ਹੈ ਕਿ ਮੂਸਾ ਨੇ "ਢਿੱਗ ਨੂੰ *ਆਪਣੇ* ਢਾਂਗੇ ਨਾਲ ਦੋ ਵਾਰ ਮਾਰਿਆ" (ਜ਼ੋਰ ਦਿੱਤਾ ਗਿਆ ਹੈ)। ਇਸ ਵਾਕ ਨੂੰ ਪੜ੍ਹਨ ਤੇ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਿ ਮੂਸਾ ਉਸ ਦਾ ਆਪਣਾ ਢਾਂਗਾ ਵਰਤ ਰਿਹਾ ਸੀ, ਜਿਹੜਾ ਚਮਤਕਾਰ ਕਰਨ ਦੇ ਲਈ ਪਹਿਲਾਂ ਕਈ ਮੌਕਿਆਂ ਤੇ ਵਰਤਿਆ ਜਾ ਚੁੱਕਾ ਸੀ (ਕੂਚ 4:2-4, 17, 20; 7:15, 17, 20; 9:23; 10:13; 14:16-18; 17:5, 6)।

**ਆਇਤਾਂ 10, 11. ਮੂਸਾ ਅਰ ਹਾਰੂਨ ਨੇ ਸਭਾ ਨੂੰ ਉਸ ਢਿੱਗ ਦੇ ਅੱਗੇ ਇਕੱਠਾ ਕੀਤਾ** ਅਤੇ ਫਿਰ ਮੂਸਾ ਉਨ੍ਹਾਂ ਨੂੰ ਬੋਲਿਆ: **ਸੁਣੋ ਤੁਸੀਂ ਝਗੜਾਲੂਓ, ਕੀ ਅਸੀਂ ਤੁਹਾਡੇ ਲਈ ਏਸ ਢਿੱਗ ਤੋਂ ਪਾਣੀ ਕੱਢੀਏ?** ਇਹ ਸਵਾਲ, ਖਾਸ ਕਰਕੇ ਸ਼ਬਦ "ਅਸੀਂ," ਦੱਸਦਾ ਹੈ ਕਿ ਮੂਸਾ ਅਤੇ ਹਾਰੂਨ ਪਰਮੇਸ਼ੁਰ ਦੇ ਦਾਸਾਂ ਦੇ ਰੂਪ ਵਿਚ ਉਨ੍ਹਾਂ ਦੀਆਂ ਭੂਮਿਕਾਵਾਂ ਨੂੰ ਭੁੱਲ ਚੁੱਕੇ ਸਨ। ਉਹ ਪਰਮੇਸ਼ੁਰ ਦੇ ਰੱਬੀ ਕੰਮ ਦੇ ਲਈ ਸੋਭਾ ਲੈ ਰਹੇ ਸਨ।

ਮੂਸਾ ਨੇ **ਢਿੱਗ ਨੂੰ ਆਪਣੇ ਢਾਂਗੇ ਨਾਲ ਦੋ ਵਾਰ ਮਾਰਿਆ** ਜਿਸ ਦੇ ਨਤੀਜੇ ਵਜੋਂ ਉਸ ਵਿੱਚੋਂ ਬਹੁਤ ਸਾਰਾ **ਪਾਣੀ** ਨਿੱਕਲ ਆਇਆ, **ਫੇਰ ਮੰਡਲੀ ਅਤੇ ਉਨ੍ਹਾਂ ਦੇ ਪਸੂਆਂ ਨੇ ਪੀਤਾ**। ਫੇਰ, ਪਰਮੇਸ਼ੁਰ ਨੇ ਚਮਤਕਾਰੀ ਢੰਗ ਨਾਲ ਪਿਆਸੇ ਪਰ ਨਾਸ਼ੁਕਰੇ ਲੋਕਾਂ ਨੂੰ ਪਾਣੀ ਦਿੱਤਾ (ਵੇਖੋ ਕੂਚ

17:1-7)।

**ਆਇਤ 12. ਮੂਸਾ ਅਤੇ ਹਾਰੂਨ** ਦੇ ਕੰਮਾਂ ਨੇ ਪਰਮੇਸ਼ੁਰ ਨੂੰ ਉਨ੍ਹਾਂ ਨੂੰ ਇਹ ਕਹਿਣ ਦੇ ਲਈ ਉਕਸਾਇਆ, **ਏਸ ਲਈ ਕਿ ਤੁਸਾਂ ਮੇਰੀ ਪਰਤੀਤ ਨਾ ਕੀਤੀ ਕਿ ਇਸਰਾਏਲ ਦੀਆਂ ਅੱਖਾਂ ਵਿੱਚ ਮੈਨੂੰ ਪਵਿੱਤ੍ਰ ਠਹਿਰਾਉਂਦੇ, ਹੁਣ ਤੁਸੀਂ ਏਸ ਸਭਾ ਨੂੰ ਉਸ ਧਰਤੀ ਵਿੱਚ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ, ਨਹੀਂ ਲੈ ਜਾਓਗੇ।**

ਪਰਮੇਸ਼ੁਰ ਨੇ ਮੂਸਾ ਅਤੇ ਹਾਰੂਨ ਨੂੰ ਇਸ ਤਰ੍ਹਾਂ ਕਿਉਂ ਝਿੜਕਿਆ? ਇਸ ਸਵਾਲ ਦੇ ਕਈ ਜਵਾਬ ਦਿੱਤੇ ਗਏ ਹਨ। ਫਿਲਿਪ ਜੇ. ਬੱਡ ਨੇ ਆਖਿਆ ਹੈ ਕਿ ਮੂਸਾ ਦੇ ਪਾਪ ਨੂੰ "ਬੇਪਰਤੀਤੀ," "ਅਣਇੱਛਾ," "ਕਾਹਲੀ ਜਾਂ ਕ੍ਰੋਧਵਾਨ" ਅਤੇ "ਅਣਆਗਿਆਕਾਰੀ" ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।

> ਅਣਆਗਿਆਕਾਰੀ ਨੂੰ ਅਕਸਰ ਆਇਤ 8 ਦੇ ਹੁਕਮ (ਬੋਲਣਾ) ਦੀ ਤੁਲਨਾ ਵਿਚ ਆਇਤ 11 ਦੇ ਕੰਮ (ਮਾਰਨਾ) ਦੇ ਰੂਪ ਵਿਚ ਸਮਝਿਆ ਜਾਂਦਾ ਹੈ। ... ਇਹ ਪ੍ਰਸਤਾਵ ਰੱਖਿਆ ਗਿਆ ਹੈ ਕਿ ਮੂਸਾ ਨੂੰ ਪ੍ਰਾਰਥਨਾ ਕਰਨੀ ਚਾਹੀਦੀ ਸੀ ..., ਪਰ ਇਹ ਸਪੱਸ਼ਟ ਨਹੀਂ ਹੈ ਕਿ ਪ੍ਰਾਰਥਨਾ ਜਾਂ ਇਸ ਦੀ ਘਾਟ ਮੁੱਦੇ ਦੀ ਅਸਲ ਗੱਲ ਹੈ ...।
>
> ਇਨ੍ਹਾਂ ਸੁਝਾਵਾਂ ਵਿੱਚੋਂ ਆਇਤ 8 ਦੇ ਹੁਕਮ ਅਤੇ ਆਇਤ 11 ਦੇ ਕੰਮ ਵਿਚਕਾਰ ਤਨਾਅ ਜ਼ਿਆਦਾ ਸੰਭਵ ਹੈ। ... ਆਮ ਪ੍ਰਭਾਵ [ਮੂਸਾ ਦੇ ਕੰਮਾਂ ਦਾ] ਇਹ ਸੁਝਾਅ ਦੇਣਾ ਹੈ ਕਿ ਉਨ੍ਹਾਂ [ਮੂਸਾ ਅਤੇ ਹਾਰੂਨ] ਨੇ ਯਹੋਵਾਹ ਦੀ ਪੂਰੀ ਸ਼ਕਤੀ ਅਤੇ ਸਮਰੱਥਾ ਨੂੰ ਲੋਕਾਂ ਦੇ ਸਾਹਮਣੇ ਸਪੱਸ਼ਟ ਹੋਣ ਤੋਂ ਰੋਕਿਆ ਸੀ ਅਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਉਸ ਦੇ ਉਸ ਡਰ ਅਤੇ ਆਦਰ ਨੂੰ ਲੁੱਟਿਆ ਸੀ ਜੋ ਉਸ ਨੂੰ ਦਿੱਤਾ ਜਾਣਾ ਚਾਹੀਦਾ ਸੀ। ... ਬੋਲਣਾ ਜ਼ਰੂਰੀ ਨਹੀਂ ਸੀ ਅਤੇ ਭਾਵ ਇਹ ਦਾਅਵਾ ਕਰਨਾ ਕਿ ਪਰਮੇਸ਼ੁਰ ਨੇ ਨਹੀਂ, ਉਹ ਪਾਣੀ ਕੱਢਣਗੇ। ਇਸ ਦੇ ਹੰਕਾਰ ਵਿਚ ਇਹ ਯਹੋਵਾਹ ਵਿਚ ਸੱਚੇ ਵਿਸ਼ਵਾਸ ਨੂੰ ਪ੍ਰੋਤਸਾਹਨ ਦੇਣ ਅਤੇ ਯਹੋਵਾਹ ਨੂੰ ਆਦਰ ਦੇਣ ਵਿਚ ਅਸਫ਼ਲ ਹੁੰਦਾ ਹੈ।[3]

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਮੂਸਾ (ਅਤੇ ਹਾਰੂਨ) ਦੇ ਪਾਪ ਵਿਚ ਤਿੰਨ ਅਪਰਾਧ ਸ਼ਾਮਲ ਸਨ। (1) ਅਣਆਗਿਆਕਾਰੀ। ਪਰਮੇਸ਼ੁਰ ਨੇ ਆਖਿਆ "ਬੋਲ," ਪਰ ਮੂਸਾ ਨੇ "ਮਾਰਿਆ" (20:11, 12)। ਜੇਕਰ ਮੂਸਾ ਸੱਚਮੁੱਚ ਪਰਮੇਸ਼ੁਰ ਤੇ ਵਿਸ਼ਵਾਸ ਕਰਦਾ ਸੀ, ਉਸ ਨੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨਾ ਸੀ। ਮੂਸਾ ਦੀ ਅਣਆਗਿਆਕਾਰੀ ਅਤੇ ਇਹ ਵਿਚਾਰ ਕਿ ਉਸ ਨੇ ਬੇਪਰਤੀਤੀ ਕੀਤੀ ਸੀ ਵਿਚਕਾਰ ਸੰਬੰਧ ਦੇ ਵਿਖੇ, ਅਸੀਂ ਇੱਥੇ ਵੇਖਦੇ ਹਾਂ ਕਿ ਉਹ ਅਸਲ ਵਿਚ ਇੱਕੋ ਹੀ ਗੱਲ ਹੈ।[4] (2) ਪਰਮੇਸ਼ੁਰ ਨੂੰ ਮਹਿਮਾ ਦੇਣ ਵਿਚ ਅਸਫ਼ਲਤਾ। ਮੂਸਾ ਨੇ ਆਖਿਆ, "... ਕੀ *ਅਸੀਂ* ਤੁਹਾਡੇ ਲਈ ... ਪਾਣੀ ਕੱਢੀਏ?" (20:10; ਜ਼ੋਰ ਦਿੱਤਾ ਗਿਆ ਹੈ)। ਮੂਸਾ ਅਤੇ ਹਾਰੂਨ ਪਾਣੀ ਦੇ ਲਈ ਪਰਮੇਸ਼ੁਰ ਨੂੰ ਮਹਿਮਾ ਦੇਣ ਦੀ ਬਜਾਇ ਖੁਦ ਸੋਭਾ ਲੈਂਦੇ ਪ੍ਰਤੀਤ ਹੁੰਦੇ ਹਨ। (3) ਤਰਸ ਦੀ ਘਾਟ। ਆਮ ਤੌਰ ਤੇ, ਬੁੜ ਬੁੜਾਉਣ ਵਾਲੇ ਨਵੀਂ ਪੀੜ੍ਹੀ ਦੇ ਮੈਂਬਰ ਸਨ; ਇਹ ਉਹ ਲੋਕ ਨਹੀਂ ਸਨ ਜਿਨ੍ਹਾਂ ਜਿਹੜੇ ਪਾਣੀ ਦੀ ਘਾਟ ਬਾਰੇ ਪਹਿਲਾਂ ਬੁੜ ਬੁੜਾਏ ਸਨ। ਇਸ ਲਈ, ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ, ਪਰ ਉਨ੍ਹਾਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ। ਬਜਾਇ ਇਸ ਦੇ, ਮੂਸਾ ਬੇਸਬਰਾ ਅਤੇ ਕਠੋਰ ਸੀ ਅਤੇ ਉਸ ਨੇ ਉਨ੍ਹਾਂ ਨੂੰ "ਝਗੜਾਲੂਓ" ਆਖਿਆ। ਕਿਉਂਕਿ ਮੂਸਾ ਨੇ ਪਰਮੇਸ਼ੁਰ ਦੇ ਤਰਸ ਨੂੰ ਉਨ੍ਹਾਂ ਨਾਲ ਨਹੀਂ ਵੰਡਿਆ, ਪਰਮੇਸ਼ੁਰ ਨੇ ਉਸ ਨੂੰ ਕਨਾਨ ਵਿਚ ਦਾਖ਼ਲ ਨਾ ਹੋਣ ਦੀ ਸਜ਼ਾ ਦਿੱਤੀ ਸੀ, ਜਦ ਕਿ "ਝਗੜਾਲੂ" ਕਨਾਨ ਵਿਚ ਦਾਖ਼ਲ ਹੋ ਗਏ (20:10)।

**ਆਇਤ 13.** ਯਹੋਵਾਹ ਦੇ ਪ੍ਰਬੰਧਾਂ ਨਾਲ ਇਸਰਾਏਲ ਦੀ ਅਸੰਤੁਸ਼ਟੀ ਦੀ ਯਾਦ ਦਿਵਾਉਣ ਦੇ ਲਈ ਅਤੇ ਕਿਉਂਕਿ ਯਹੋਵਾਹ **ਉਨ੍ਹਾਂ ਦੇ ਵਿੱਚ ਪਵਿੱਤ੍ਰ ਠਹਿਰਾਇਆ ਗਿਆ**, ਪਾਣੀਆਂ ਨੂੰ **ਮਰੀਬਾਹ**

**ਦਾ ਪਾਣੀ** ਆਖਿਆ ਗਿਆ ਸੀ ਜਿਸ ਦਾ ਅਰਥ ਹੈ “ਲੜਾਈ” ਜਾਂ “ਝਗੜਾ।” ਪਿਛਲੇ ਮੌਕੇ ਤੇ ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਚਟਾਨ ਵਿੱਚੋਂ ਪਾਣੀ ਦਿੱਤਾ ਸੀ, ਉਸ ਥਾਂ ਨੂੰ “ਮੱਸਾਹ ਅਰ ਮਰੀਬਾਹ ਇਸਰਾਏਲ ਦੇ ਘੁਰਕਣ ਦੇ ਕਾਰਨ ਅਰ ਯਹੋਵਾਹ ਦੇ ਪਰਤਾਵੇ ਦੇ ਕਾਰਨ” (ਕੂਚ 17:7) ਆਖਿਆ ਗਿਆ ਸੀ। ਸਾਨੂੰ ਦੋਹਾਂ “ਮਰੀਬਾਹਾਂ” ਵਿਚਕਾਰ ਫ਼ਰਕ ਕੱਢਣਾ ਚਾਹੀਦਾ ਹੈ। ਬਿਵਸਥਾ ਸਾਰ 32:51 ਵਿਚ ਗਿਣਤੀ 20 ਦੇ “ਮਰੀਬਾਹ” ਨੂੰ “ਮਰੀਬਾਹ-ਕਾਦੇਸ਼” ਆਖਿਆ ਗਿਆ ਹੈ (ਵੇਖੋ ਹਿਜ਼ਕੀਏਲ 47:19; 48:28), ਲਗਭਗ ਨਿਸ਼ਚਤ ਤੌਰ ਤੇ ਕੂਚ 17 ਦੇ “ਮਰੀਬਾਹ” ਤੋਂ ਫ਼ਰਕ ਦਰਸਾਉਣ ਦੇ ਲਈ ਜਿਸ ਦਾ ਜ਼ਿਕਰ ਬਿਵਸਥਾ ਸਾਰ 33:8 ਅਤੇ ਜ਼ਬੂਰ 95:8 ਵਿਚ ਵੀ ਕੀਤਾ ਗਿਆ ਹੈ। ਇਹ ਤੱਥ ਕਿ ਵੱਖ-ਵੱਖ ਥਾਵਾਂ ਨੂੰ ਇੱਕੋ ਨਾਮ ਤੋਂ ਬੁਲਾਇਆ ਗਿਆ ਸੀ ਸਾਨੂੰ ਹੈਰਾਨ ਨਹੀਂ ਕਰਨਾ ਚਾਹੀਦਾ ਹੈ।

## ਅਦੋਮ ਵਿੱਚੋਂ ਲੰਘਣ ਦੀ ਇਸਰਾਏਲੀਆਂ ਦੀ ਬੇਨਤੀ ਦਾ ਠੁਕਰਾਇਆ ਜਾਣਾ (20:14-21)

**14ਫੇਰ ਮੂਸਾ ਨੇ ਕਾਦੇਸ਼ ਤੋਂ ਅਦੋਮ ਦੇ ਰਾਜੇ ਕੋਲ ਹਲਕਾਰੇ ਘੱਲੇ। ਇਉਂ ਇਸਰਾਏਲ ਤੁਹਾਡਾ ਭਰਾ ਆਖਦਾ ਹੈ ਕਿ ਤੁਸੀਂ ਉਹ ਸਾਰੀ ਕਸ਼ਟਨੀ ਜਾਣਦੇ ਹੋ ਜੋ ਸਾਡੇ ਉੱਤੇ ਆਈ। 15ਕਿ ਕਿਵੇਂ ਸਾਡੇ ਪਿਉ ਦਾਦੇ ਮਿਸਰ ਨੂੰ ਗਏ ਅਤੇ ਅਸੀਂ ਮਿਸਰ ਵਿੱਚ ਬਹੁਤ ਦਿਨਾਂ ਤੀਕ ਵੱਸੇ। ਫੇਰ ਮਿਸਰੀਆਂ ਨੇ ਸਾਡੇ ਨਾਲ ਅਤੇ ਸਾਡੇ ਪਿਉ ਦਾਦਿਆਂ ਨਾਲ ਬੁਰਾ ਵਰਤਾਓ ਕੀਤਾ। 16ਜਦ ਅਸਾਂ ਯਹੋਵਾਹ ਅੱਗੇ ਦੁਹਾਈ ਦਿੱਤੀ ਤਾਂ ਉਸ ਨੇ ਸਾਡੀ ਬੇਨਤੀ ਸੁਣੀ ਅਤੇ ਇੱਕ ਦੂਤ ਘੱਲ ਕੇ ਸਾਨੂੰ ਮਿਸਰੋਂ ਕੱਢ ਲਿਆਇਆ ਅਤੇ ਵੇਖੋ, ਅਸੀਂ ਕਾਦੇਸ਼ ਵਿੱਚ ਇੱਕ ਸ਼ਹਿਰ ਵਿੱਚ ਹਾਂ ਜਿਹੜਾ ਤੁਹਾਡੀ ਸਰਹੱਦ ਉੱਤੇ ਹੈ। 17ਸਾਨੂੰ ਆਪਣੀ ਧਰਤੀ ਦੇ ਵਿੱਚ ਦੀ ਲੰਘਣ ਦਿਓ ਅਤੇ ਅਸੀਂ ਖੇਤਾਂ ਅਤੇ ਦਾਖ ਦੀ ਬਾੜੀ ਦੇ ਵਿੱਚ ਦੀ ਨਹੀਂ ਲੰਘਾਂਗੇ। ਅਸੀਂ ਖੂਹ ਦਾ ਪਾਣੀ ਨਹੀਂ ਪੀਵਾਂਗੇ। ਅਸੀਂ ਪਾਤਸ਼ਾਹੀ ਸੜਕੇ ਸੜਕ ਲੰਘਦੇ ਜਾਵਾਂਗੇ ਅਤੇ ਅਸੀਂ ਸੱਜੇ ਯਾ ਖੱਬੇ ਨਹੀਂ ਮੁੜਾਂਗੇ ਜਦ ਤਾਈਂ ਅਸੀਂ ਤੁਹਾਡੀਆਂ ਹੱਦਾਂ ਤੋਂ ਨਾ ਲੰਘ ਜਾਈਏ। 18ਪਰ ਅਦੋਮ ਨੇ ਉਹ ਨੂੰ ਆਖਿਆ, ਤੁਸੀਂ ਮੇਰੇ ਵਿੱਚ ਦੀ ਨਹੀਂ ਲੰਘੋਗੇ ਮਤੇ ਮੇਰਾ ਤੁਹਾਡਾ ਮੇਲ ਤੇਗ ਨਾਲ ਹੋਵੇ। 19ਤਾਂ ਇਸਰਾਏਲੀਆਂ ਨੇ ਉਹ ਨੂੰ ਆਖਿਆ, ਅਸੀਂ ਸੜਕੇ ਸੜਕ ਜਾਵਾਂਗੇ ਅਤੇ ਜੇ ਤੁਹਾਡੇ ਪਾਣੀ ਤੋਂ ਅਸੀਂ ਅਤੇ ਸਾਡਾ ਵੱਗ ਪੀਵਾਂਗੇ ਤਾਂ ਅਸੀਂ ਉਹ ਦਾ ਮੁੱਲ ਦੇ ਦੇਵਾਂਗੇ। ਹੋਰ ਕੋਈ ਗੱਲ ਨਹੀਂ, ਕੇਵਲ ਅਸੀਂ ਪੈਦਲ ਲੰਘ ਜਾਵਾਂਗੇ। 20ਪਰ ਉਸ ਆਖਿਆ, ਤੁਸੀਂ ਨਹੀਂ ਲੰਘਣਾ ਪਾਓਗੇ ਅਤੇ ਅਦੋਮ ਉਹ ਦੇ ਮਿਲਣ ਲਈ ਬਹੁਤ ਲੋਕਾਂ ਨਾਲ ਅਤੇ ਜ਼ਬਰਦਸਤ ਹੱਥ ਨਾਲ ਨਿੱਕਲਿਆ। 21ਇਉਂ ਅਦੋਮ ਆਪਣੀਆਂ ਹੱਦਾਂ ਦੇ ਵਿੱਚ ਦੀ ਇਸਰਾਏਲੀਆਂ ਦੇ ਲੰਘ ਜਾਣ ਤੋਂ ਇਨਕਾਰੀ ਹੋ ਗਿਆ। ਤਾਂ ਇਸਰਾਏਲ ਨੇ ਉੱਥੋਂ ਆਪਣਾ ਮੁਹਾਣਾ ਮੋੜ ਲਿਆ।**

**ਆਇਤਾਂ 14-17.** ਮੂਸਾ ਦੇ ਪਾਪ ਦੇ ਵਿਰਤਾਂਤ ਤੋਂ ਬਾਅਦ, ਵਿਰਤਾਂਤ ਇਸਰਾਏਲੀਆਂ ਦੀ ਚੱਲ ਰਹੀ ਯਾਤਰਾ ਦੀ ਕਹਾਣੀ ਵੱਲ ਮੁੜਦਾ ਹੈ। ਕਨਾਨ ਨੂੰ ਜਾਂਦਿਆਂ ਅਦੋਮ ਦੇਸ ਵਿੱਚੋਂ ਲੰਘਣ ਦੀ ਇਜਾਜ਼ਤ ਲੈਣ ਦੇ ਲਈ **ਮੂਸਾ ਨੇ ਕਾਦੇਸ਼ ਤੋਂ ਅਦੋਮ ਦੇ ਰਾਜੇ ਕੋਲ ਹਲਕਾਰੇ ਘੱਲੇ** (20:14)। ਕਿਉਂਕਿ ਇਹ “ਕਾਦੇਸ਼” ਕਿਹਾ ਜਾਂਦਾ ਹੈ ਕਿ ਅਦੋਮ ਦੇ ਇਲਾਕੇ ਦੇ ਕਿਨਾਰੇ ਤੇ ਸੀ, ਕੀ ਇਹ ਕਾਦੇਸ਼ ਕਾਦੇਸ਼-ਬਰਨੇਆ ਨਾਲੋਂ ਵੱਖਰਾ ਸੀ? ਕੀ ਅਦੋਮ ਦਾ ਇਲਾਕਾ ਕਾਦੇਸ਼-ਬਰਨੇਆ ਦੇ ਪੱਛਮ ਤੱਕ ਫੈਲਿਆ ਹੋਇਆ ਸੀ? ਕੀ ਇਹ ਵਰਣਨ ਕੀਤਾ ਜਾ ਰਿਹਾ ਹੈ ਕਿ ਕਾਦੇਸ਼ ਦੂਰ ਪੂਰਬ ਤੱਕ ਸੀ?[5] ਆਇਤ 14 ਵਿਚ ਜਿਸ ਕਾਦੇਸ਼ ਦਾ ਜ਼ਿਕਰ ਕੀਤਾ ਗਿਆ ਹੈ ਸੁਭਾਵਕ ਤੌਰ ਤੇ ਸੀਨ ਦੀ ਉਜਾੜ ਵਿਚ ਉਹੀ ਥਾਂ ਹੋਵੇਗੀ ਜਿਸ ਦਾ ਆਇਤ 1 ਵਿਚ ਜ਼ਿਕਰ ਕੀਤਾ ਗਿਆ ਹੈ, ਜਿਹੜੀ ਕਿ ਸੰਭਵ

ਤੌਰ ਤੇ ਕਾਦੇਸ਼-ਬਰਨੇਆ ਸੀ।

ਮੂਸਾ ਨੇ ਅਦੋਮ ਦੇ ਰਾਜਾ ਦੇ ਅੱਗੇ ਉਸ ਦੇ ਇਲਾਕੇ ਵਿੱਚੋਂ ਲੰਘਣ ਦੀ ਇਜ਼ਾਜਤ ਲੈਣ ਦੇ ਲਈ ਹੇਠ ਲਿਖੀਆਂ ਗੱਲਾਂ ਦੇ ਆਧਾਰ ਤੇ ਅਪੀਲ ਕੀਤੀ ਸੀ:

1. ਇਸਰਾਏਲ ਅਤੇ ਅਦੋਮ ਵਿਚਕਾਰ ਸੰਬੰਧ। ਮੂਸਾ ਨੇ ਅਦੋਮ ਨੂੰ **ਭਰਾ** ਆਖ ਕੇ ਸੰਬੋਧਿਤ ਕੀਤਾ ਸੀ (20:14)। ਅਦੋਮ ਦੇ ਲੋਕ ਏਸਾਓ ਦੀ ਅੰਸ ਸਨ ਅਤੇ ਇਸਰਾਏਲ ਦੀ ਪਰਜਾ ਯਾਕੂਬ (ਜਾਂ ਇਸਰਾਏਲ) ਦੀ, ਏਸਾਓ ਦੇ ਜੁੜਵਾਂ ਭਰਾ ਦੀ ਅੰਸ ਸੀ (ਉਤਪਤ 25:21-26; 36:1-43)।

2. ਇਸਰਾਏਲ ਦਾ ਪੁਰਾਣਾ ਇਤਹਾਸ ਅਤੇ ਵਰਤਮਾਨ ਜਰੂਰਤ। ਇਸਰਾਏਲੀਆਂ ਨੇ **ਕਸ਼ਟਨੀ** ਸਹੀ ਸੀ; **ਮਿਸਰ** ਵਿਚ ਉਨ੍ਹਾਂ ਨਾਲ **ਬੁਰਾ ਵਰਤਾਓ** ਕੀਤਾ ਗਿਆ ਸੀ, ਯਹੋਵਾਹ ਉਨ੍ਹਾਂ ਨੂੰ ਮਿਸਰੋਂ ਕੱਢ ਲਿਆਇਆ ਸੀ ਅਤੇ ਹੁਣ ਉਹ **ਕਾਦੇਸ਼** ਵਿਚ ਸਨ, ਉਨ੍ਹਾਂ ਦੇ ਆਖ਼ਰੀ ਨਿਸ਼ਾਨੇ ਵੱਲ ਨੂੰ ਵਧਣ ਦੇ ਲਈ ਤਿਆਰ ਸਨ (20:14-16)। **ਤੁਸੀਂ ਜਾਣਦੇ** ਹੋ ਵਾਕ ਇਹ ਇਸ਼ਾਰਾ ਕਰਦਾ ਹੈ ਕਿ ਅਦੋਮ ਦੇ ਲੋਕ ਇਸਰਾਏਲੀਆਂ ਦੀ ਹਾਲਤ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਨ੍ਹਾਂ ਹਾਲਾਤਾਂ ਨੇ ਅਦੋਮੀਆਂ ਦੇ ਦਿਲਾਂ ਵਿਚ ਉਨ੍ਹਾਂ ਦੇ ਭਰਾਵਾਂ ਦੇ ਲਈ ਹਮਦਰਦੀ ਜਗਾਈ ਹੋਵੇਗੀ।

3. ਦੇਖਭਾਲ ਜੋ ਇਸਰਾਏਲੀ ਦੇਸ ਦੇ ਵਿੱਚੋਂ ਦੀ ਲੰਘਦਿਆਂ ਕਰਨਗੇ। ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਅਸੀਂ **ਖੇਤਾਂ ਅਤੇ ਦਾਖ ਦੀ ਬਾੜੀ ਦੇ ਵਿੱਚ ਦੀ ਨਹੀਂ ਲੰਘਾਂਗੇ** ਜਾਂ **ਖੂਹ ਦਾ ਪਾਣੀ ਨਹੀਂ ਪੀਵਾਂਗੇ**। ਉਨ੍ਹਾਂ ਨੇ ਆਖਿਆ ਸੀ ਕਿ ਅਸੀਂ **ਪਾਤਸ਼ਾਹੀ ਸੜਕੇ ਸੜਕ** ਲੰਘਦੇ ਜਾਵਾਂਗੇ, ਜਿਹੜੀ ਸ਼ਾਇਦ ਦੰਮਿਸਕ ਤੋਂ ਅਰਬ ਨੂੰ ਜਾਣ ਦਾ ਵਪਾਰਕ ਰਸਤਾ ਸੀ। ਇਸ ਤਰ੍ਹਾਂ, ਉਹ ਅਦੋਮ ਦੇ ਦੇਸ ਵਿਚ ਘੁਸਪੈਠ ਨਹੀਂ ਕਰਨਗੇ, **ਖੱਬੇ ਜਾਂ ਸੱਜੇ ਨਹੀਂ ਮੁੜਨਗੇ** ਅਤੇ ਉਸ ਦੇਸ ਦਾ ਕਿਸੇ ਵੀ ਤਰ੍ਹਾਂ ਕੋਈ ਨੁਕਸਾਨ ਨਹੀਂ ਹੋਵੇਗਾ। ਇਹ ਤਿੰਨ ਵਿਚਾਰ - ਜੋ ਬੜੀ ਨਿਮਰਤਾ ਨਾਲ ਪੇਸ਼ ਕੀਤੇ ਗਏ ਸਨ (**ਕਿਰਪਾ ਕਰਕੇ** ਸ਼ਬਦ ਦੇ ਨਾਲ; 20:17), ਲੁਭਾਉਣ ਵਾਲੇ ਹੋਣਗੇ।

**ਆਇਤਾਂ 18-21. ਅਦੋਮ** ਦੇ ਰਾਜਾ ਨੇ ਇਸਰਾਏਲੀਆਂ ਨੂੰ ਰਾਹ ਦੇਣ ਤੋਂ ਮਨ੍ਹਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਧਮਕੀ ਦਿੱਤੀ ਕਿ ਜੇਕਰ ਉਹ ਨੇੜੇ ਵੀ ਆਏ ਤਾਂ ਉਨ੍ਹਾਂ ਦਾ **ਮੇਲ ਤੇਗ ਨਾਲ** ਹੋਵੇਗਾ (20:18)। ਇਸਰਾਏਲੀਆਂ ਨੇ ਫੇਰ ਅਦੋਮ ਦੇ ਇਲਾਕੇ ਵਿੱਚੋਂ **ਪੈਦਲ ਲੰਘਣ** ਦੀ ਇਜ਼ਾਜਤ ਲੈਣ ਦੇ ਲਈ ਬੇਨਤੀ ਕੀਤੀ ਅਤੇ ਇਸ ਵਾਰ ਉਨ੍ਹਾਂ ਨੇ ਅਦੋਮ ਦੇ ਰਾਜਾ ਨੂੰ ਇਹ ਭਰੋਸਾ ਦਿੱਤਾ ਕਿ ਉਹ ਦੇਸ ਨੂੰ ਬਿਲਕੁਲ ਪਰੇਸ਼ਾਨ ਨਹੀਂ ਕਰਨਗੇ ਅਤੇ ਜੇਕਰ ਉਹ ਉੱਥੋਂ ਦਾ ਪਾਣੀ ਵੀ ਪੀਣਗੇ ਤਾਂ ਉਹ ਦਾ ਮੁੱਲ ਦੇਣਗੇ (20:19)। ਫਿਰ ਵੀ, ਉਨ੍ਹਾਂ ਨੂੰ ਬੇਰਹਿਮੀ ਨਾਲ ਝਿੜਕਿਆ ਗਿਆ। ਦਰਅਸਲ, ਅਦੋਮ ਨੇ ਇਸਰਾਏਲੀਆਂ ਨੂੰ ਦੂਰ ਰੱਖਣ ਦੇ ਲਈ ਇਸ ਦੀਆਂ ਸਰਹੱਦਾਂ ਤੇ **ਬਹੁਤ ਲੋਕਾਂ ਨਾਲ ਅਤੇ ਜ਼ਬਰਦਸਤ ਹੱਥ ਨਾਲ** ਆਪਣੀ ਫੌਜ ਤੈਨਾਤ ਕਰ ਦਿੱਤੀ (20:20)। ਅਦੋਮ ਦੇ ਮਨ੍ਹਾ ਕਰਨ ਦੇ ਕਾਰਣ, **ਇਸਰਾਏਲ ਨੇ ਉੱਥੋਂ ਆਪਣਾ ਮੁਹਾਣਾ ਮੋੜ ਲਿਆ** (20:21)।

ਸ਼ਾਇਦ ਇਹ ਘਟਨਾ ਇਹ ਦੱਸਣ ਲਈ ਲਿਖੀ ਗਈ ਸੀ ਕਿ ਹਾਲਾਂਕਿ ਇਸਰਾਏਲੀ ਆਖ਼ਰਕਾਰ ਵਾਅਦੇ ਦੀ ਧਰਤੀ ਤੇ ਕਬਜ਼ਾ ਕਰ ਲੈਣਗੇ ਅਤੇ ਇਸ ਦੇ ਵਾਸੀਆਂ ਨੂੰ ਬਾਹਰ ਕੱਢ ਦੇਣਗੇ, ਸੁਭਾਅ ਤੋਂ ਉਹ ਯੁੱਧ ਲੜਨ ਵਾਲੇ ਲੋਕ ਨਹੀਂ ਸਨ। ਕਨਾਨ ਨੂੰ ਜਾਂਦਿਆਂ, ਉਹ ਦੂਜੀਆਂ ਕੌਮਾਂ ਨਾਲ ਸ਼ਾਂਤੀਪੂਰਵਕ ਇਕੱਠਿਆਂ ਰਹਿਣਾ ਚਾਹੁੰਦੇ ਸਨ ਅਤੇ ਸਿਰਫ ਤਦ ਹੀ ਲੜਦੇ ਸਨ ਜੇਕਰ ਉਨ੍ਹਾਂ ਤੇ ਹਮਲਾ ਕੀਤਾ ਜਾਂਦਾ ਸੀ। ਇਸ ਮਾਮਲੇ ਵਿਚ, ਜਦੋਂ ਉਨ੍ਹਾਂ ਦੇ ਸਾਹਮਣੇ ਯੁੱਧ ਲੜਨ ਜਾਂ ਲੰਬਾ ਰਸਤਾ ਅਪਨਾਉਣ ਦਾ ਵਿਕਲਪ ਸੀ, ਤਾਂ ਉਨ੍ਹਾਂ ਨੇ ਲੰਬਾ ਰਸਤਾ ਅਪਨਾਉਣ ਦਾ ਵਿਕਲਪ ਹੀ ਚੁਣਿਆ।

## ਹਾਰੂਨ ਦਾ ਬਦਲ ਅਤੇ ਮੌਤ (20:22-29)

**[22]ਫੇਰ ਉਨ੍ਹਾਂ ਨੇ ਕਾਦੇਸ਼ ਤੋਂ ਕੂਚ ਕੀਤਾ ਅਤੇ ਇਸਰਾਏਲੀਆਂ ਦੀ ਸਾਰੀ ਮੰਡਲੀ ਹੋਰ ਨਾਮੀ ਪਰਬਤ ਨੂੰ ਆਈ। [23]ਤਾਂ ਯਹੋਵਾਹ ਨੇ ਮੂਸਾ ਅਤੇ ਹਾਰੂਨ ਨੂੰ ਹੋਰ ਨਾਮੀ ਪਰਬਤ ਉੱਤੇ ਜਿਹੜਾ ਅਦੋਮ ਦੇਸ ਦੀ ਹੱਦ ਉੱਤੇ ਹੈ ਆਖਿਆ, [24]ਹਾਰੂਨ ਆਪਣੇ ਲੋਕਾਂ ਵਿੱਚ ਜਾ ਰਲੇਗਾ ਅਤੇ ਉਹ ਉਸ ਧਰਤੀ ਵਿੱਚ ਨਹੀਂ ਵੜੇਗਾ ਜਿਹੜੀ ਮੈਂ ਇਸਰਾਏਲੀਆਂ ਨੂੰ ਦਿੱਤੀ ਹੈ ਏਸ ਲਈ ਕਿ ਤੁਸੀਂ ਮੇਰੇ ਹੁਕਮ ਦੇ ਵਿਰੁੱਧ ਮਰੀਬਾਹ ਦੇ ਪਾਣੀ ਉੱਤੇ ਝਗੜਾ ਕੀਤਾ। [25]ਤੂੰ ਹਾਰੂਨ ਅਤੇ ਉਸ ਦੇ ਪੁੱਤ੍ਰ ਅਲਆਜ਼ਾਰ ਨੂੰ ਲੈ ਕੇ ਹੋਰ ਨਾਮੀ ਪਰਬਤ ਉੱਤੇ ਆ। [26]ਹਾਰੂਨ ਦੇ ਬਸਤ੍ਰ ਉਸ ਉੱਤੋਂ ਲਾਹ ਕੇ ਉਹ ਦੇ ਪੁੱਤ੍ਰ ਅਲਆਜ਼ਾਰ ਨੂੰ ਪੁਆ। ਹਾਰੂਨ ਆਪਣੇ ਲੋਕਾਂ ਵਿੱਚ ਜਾ ਰਲੇਗਾ ਅਤੇ ਉੱਥੇ ਮਰੇਗਾ। [27]ਤਾਂ ਮੂਸਾ ਨੇ ਤਿਵੇਂ ਹੀ ਕੀਤਾ ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ ਅਤੇ ਓਹ ਸਾਰੀ ਮੰਡਲੀ ਦੇ ਵੇਖਦਿਆਂ ਹੋਰ ਨਾਮੀ ਪਰਬਤ ਉੱਤੇ ਚੜ੍ਹ ਗਏ। [28]ਅਤੇ ਮੂਸਾ ਨੇ ਹਾਰੂਨ ਦੇ ਬਸਤ੍ਰ ਲਾਹ ਕੇ ਉਸ ਦੇ ਪੁੱਤ੍ਰ ਅਲਆਜ਼ਾਰ ਨੂੰ ਪੁਆਏ ਅਤੇ ਹਾਰੂਨ ਉਸ ਪਹਾੜ ਦੀ ਟੀਸੀ ਉੱਤੇ ਮਰ ਗਿਆ ਅਤੇ ਮੂਸਾ ਅਰ ਅਲਆਜ਼ਾਰ ਪਹਾੜ ਤੋਂ ਉਤਰੇ। [29]ਜਦ ਸਾਰੀ ਮੰਡਲੀ ਨੇ ਵੇਖਿਆ ਕਿ ਹਾਰੂਨ ਪ੍ਰਾਣ ਤਿਆਗ ਚੁੱਕਾ ਹੈ ਤਾਂ ਇਸਰਾਏਲ ਦੇ ਸਾਰੇ ਘਰਾਣੇ ਨੇ ਹਾਰੂਨ ਲਈ ਤੀਹ ਦਿਨ ਸੋਗ ਕੀਤਾ।**

**ਆਇਤ 22.** ਇਸਰਾਏਲੀਆਂ ਨੇ **ਕਾਦੇਸ਼ ਤੋਂ ਕੂਚ ਕੀਤਾ** ਅਤੇ **ਹੋਰ ਨਾਮੀ ਪਰਬਤ** ਤੇ ਆਏ। ਇਸ ਪਹਾੜ ਦੀ ਸਹੀ ਸਥਿਤੀ ਅਨਿਸ਼ਚਤ ਹੈ। ਕਈ ਸੰਭਾਵਨਾਵਾਂ ਤੇ ਚਰਚਾ ਕਰਨ ਤੋਂ ਬਾਅਦ, ਟਿਮੋਥੀ ਆਰ. ਐਸ਼ਲੀ ਨੇ ਸਿੱਟਾ ਕੱਢਿਆ ਕਿ "ਜੇਬੇਲ ਮਦੁਰਾਹ ਜੋ ਕਿ ਕਾਦੇਸ਼ ਦੇ ਉੱਤਰ-ਪੂਰਬ ਵਿਚ ਲਗਭਗ 15 ਮੀਲ ਸੀ" ਸੰਭਵ ਤੌਰ ਤੇ "ਅਰਾਦ ਵੱਲ ਨੂੰ ਜਾਣ ਦਾ ਲਾਂਘਾ (21:1-3)" ਸੀ।[6]

**ਆਇਤਾਂ 23, 24.** ਹੋਰ ਪਰਬਤ ਤੇ, **ਅਦੋਮ ਦੇਸ ਦੀ ਹੱਦ ਉੱਤੇ**, ਪਰਮੇਸ਼ੁਰ ਨੇ ਹਾਰੂਨ ਦੀ ਨਿਕਟਵਰਤੀ ਜਾਂ ਜਲਦ ਆਉਣ ਵਾਲੀ ਮੌਤ ਦਾ ਐਲਾਨ ਕੀਤਾ ਸੀ। ਮੂਸਾ ਦੇ ਭਰਾ ਅਤੇ ਬੁਲਾਰੇ ਨੇ **ਆਪਣੇ ਲੋਕਾਂ ਵਿੱਚ ਜਾ ਰਲਣਾ** ਸੀ ਅਤੇ ਉਸ ਨੂੰ ਵਾਅਦੇ ਦੇ ਦੇਸ ਵਿਚ **ਵੜਨ** ਨਹੀਂ ਸੀ ਦਿੱਤਾ ਜਾਣਾ। "ਆਪਣੇ ਲੋਕਾਂ ਵਿੱਚ ਜਾ ਰਲੇਗਾ" ਪੁਰਾਣੇ ਨੇਮ ਵਿਚ ਮੌਤ ਲਈ ਇਕ ਆਮ ਮੁਹਾਵਰਾ ਹੈ (ਉਤਪਤ 25:8, 17; 35:29; 49:33; ਗਿਣਤੀ 27:13; ਬਿਵਸਥਾ ਸਾਰ 32:50)। ਇਸ ਦਾ ਮੂਲ ਇਸ ਤਰ੍ਹਾਂ ਲੱਗਦਾ ਹੈ ਕਿ ਪਰਿਵਾਰਕ ਕਬਰਾਂ ਵਿਚ ਦਫ਼ਨਾਉਣ ਦੀ ਰੀਤ ਹੋਵੇਗਾ।

ਪਰਮੇਸ਼ੁਰ ਦਾ ਹੁਕਮ **ਮਰੀਬਾਹ ਦੇ ਪਾਣੀ ਉੱਤੇ** ਵਿਦਰੋਹ ਦਾ ਨਤੀਜਾ ਸੀ। ਇਹ ਅਧਿਆਇ ਵਿਚ ਪਿਛਲੀ ਘਟਨਾ ਦਾ ਹਵਾਲਾ ਦਿੰਦਾ ਹੈ ਜਦੋਂ ਮੂਸਾ ਅਤੇ ਹਾਰੂਨ ਨੇ ਪਰਮੇਸ਼ੁਰ ਦੇ ਚਮਤਕਾਰੀ ਕੰਮ ਦੇ ਲਈ ਸੋਭਾ ਲਈ ਸੀ। 20:12 ਵਿਚ, ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਉਨ੍ਹਾਂ ਦੇ ਪਾਪ ਦੇ ਕਾਰਣ, ਉਹ ਇਸਰਾਏਲੀਆਂ ਨੂੰ ਵਾਅਦੇ ਦੀ ਧਰਤੀ ਵਿਚ ਨਹੀਂ ਲੈ ਕੇ ਜਾਣਗੇ। 20:13 ਵਿਚ, ਪਾਣੀ ਜਿਹੜੇ ਢਿੱਗ ਵਿੱਚੋਂ ਨਿੱਕਲੇ ਸਨ ਉਨ੍ਹਾਂ ਨੂੰ "ਮਰੀਬਾਹ ਦਾ ਪਾਣੀ" ਕਿਹਾ ਗਿਆ ਸੀ ਕਿਉਂਕਿ ਲੋਕਾਂ ਨੇ "ਯਹੋਵਾਹ ਨਾਲ ਝਗੜਾ ਕੀਤਾ" ਸੀ।

**ਆਇਤਾਂ 25-27.** ਮੂਸਾ ਨੂੰ **ਹਾਰੂਨ ਅਤੇ ਉਸ ਦੇ ਪੁੱਤ੍ਰ ਅਲਆਜ਼ਾਰ ਨੂੰ ... ਹੋਰ ਨਾਮੀ ਪਰਬਤ ਉੱਤੇ ਲੈ ਕੇ ਜਾਣ** ਦਾ ਹੁਕਮ ਦਿੱਤਾ ਗਿਆ ਸੀ। ਟੀਸੀ ਦੇ ਨੇੜੇ ਕਿਤੇ ਨਾ ਕਿਤੇ, ਉਸ ਨੇ **ਹਾਰੂਨ ਦੇ** ਪਰਧਾਨ-ਜਾਜਕਾਈ **ਬਸਤ੍ਰ** ਨੂੰ **ਲਾਹ** ਕੇ ਉਸ ਬਸਤ੍ਰ ਨੂੰ **ਉਹ ਦੇ ਪੁੱਤ੍ਰ ਅਲਆਜ਼ਾਰ** ਨੂੰ ਪੁਆਉਣਾ ਸੀ, ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਅਲਆਜ਼ਾਰ ਨੇ ਪਰਧਾਨ ਜਾਜਕ ਦੇ ਰੂਪ ਵਿਚ ਹਾਰੂਨ ਦੀ ਥਾਂ ਲੈਣੀ ਸੀ। ਮੂਸਾ ਨੇ ਉਸੇ ਤਰ੍ਹਾਂ ਕੀਤਾ ਜਿਵੇਂ ਉਸ ਨੂੰ **ਸਾਰੀ ਮੰਡਲੀ ਦੇ ਵੇਖਦਿਆਂ** ਆਖਿਆ ਗਿਆ ਸੀ। ਹਾਰੂਨ ਦੀ ਮੌਤ ਤੋਂ ਪਹਿਲਾਂ ਇਨ੍ਹਾਂ ਖ਼ਾਸ ਬਸਤ੍ਰਾਂ ਦੇ ਲਾਹ ਕੇ ਪਾਉਣ ਨੇ ਅਲਆਜ਼ਾਰ ਨੂੰ ਲੋਥ ਨੂੰ ਛੋਹਣ ਰਾਹੀਂ ਰਸਮੀ ਤੌਰ ਤੇ ਅਸ਼ੁੱਧ ਹੋਣ ਤੋਂ ਰੋਕਿਆ ਸੀ।

**ਆਇਤਾਂ 28, 29.** ਪਰਧਾਨ ਜਾਜਕਾਈ ਦੇ ਬਸਤ੍ਰ ਅੱਗੇ ਸੌਂਪਣ ਤੋਂ ਬਾਅਦ, **ਹਾਰੂਨ ਉਸ ਪਹਾੜ ਦੀ ਟੀਸੀ ਉੱਤੇ ਮਰ ਗਿਆ।** ਮਿਸਰ ਦੇਸ ਵਿੱਚੋਂ ਕੂਚ ਦੇ ਸਮੇਂ ਉਹ “ਤ੍ਰਿਆਸੀ” ਵਰਿਹਾਂ ਦਾ ਸੀ (ਕੂਚ 7:7) ਅਤੇ ਇਸਰਾਏਲੀ ਉਜਾੜ ਵਿਚ ਚਾਲੀ ਵਰਹੇ ਭਟਕਦੇ ਰਹੇ ਸਨ (33:38)। ਇਸ ਲਈ, ਉਹ “ਇੱਕ ਸੌ ਤੇਈ ਵਰਿਹਾਂ” ਦੀ ਉਮਰ ਵਿਚ ਮਰਿਆ ਸੀ (33:39)।

**ਮੂਸਾ ਅਰ ਅਲਆਜ਼ਾਰ ਪਹਾੜ ਤੋਂ ਉੱਤਰੇ** ਅਤੇ ਇਸਰਾਏਲ ਦੀ ਸਾਰੀ **ਮੰਡਲੀ** ਨੇ ਹਾਰੂਨ ਦੇ ਗੁਜਰ ਜਾਣ ਦਾ **ਤੀਹ ਦਿਨ** ਸੋਗ ਕੀਤਾ। ਸੋਗ ਕਰਨ ਦਾ ਸਮਾਂ ਆਮ ਤੌਰ ਤੇ ਸੱਤ ਦਿਨ ਤੀਕ ਹੁੰਦਾ ਸੀ (ਉਤਪਤ 50:10; 1 ਇਤਹਾਸ 10:12)। “ਤੀਹ ਦਿਨ” ਹਾਰੂਨ ਦੇ ਉੱਚੇ ਅਹੁਦੇ ਨੂੰ ਦਰਸਾਉਂਦੇ ਸਨ; ਇਹ ਓਨੀ ਸਮਾਂ ਅਵਧਿ ਸੀ ਜਿੰਨੇ ਦਿਨ ਬਾਅਦ ਵਿਚ ਮੂਸਾ ਦੇ ਲਈ ਸੋਗ ਕੀਤਾ ਗਿਆ ਸੀ (ਬਿਵਸਥਾ ਸਾਰ 34:8)।

ਹਾਰੂਨ ਦੀ ਮੌਤ ਦੀ ਕਹਾਣੀ ਮਹੱਤਵਪੂਰਣ ਹੈ - ਸਿਰਫ ਇਸ ਲਈ ਨਹੀਂ ਕਿਉਂਕਿ ਉਹ ਇਸਰਾਏਲ ਦੇ ਆਗੂਆਂ ਵਿੱਚੋਂ ਇਕ ਸੀ, ਪਰ ਇਸ ਲਈ ਵੀ ਕਿਉਂਕਿ ਉਹ ਪਰਧਾਨ ਜਾਜਕ ਸੀ। ਪਰਧਾਨ ਜਾਜਕ ਦਾ ਗੁਜਰ ਜਾਣਾ ਅਤੇ ਨਵੇਂ ਪਰਧਾਨ ਜਾਜਕ ਦੀ ਸਥਾਪਨਾ ਇਸਰਾਏਲੀਆਂ ਦੇ ਜੀਵਨ ਵਿਚ ਇਕ ਮਹੱਤਵਪੂਰਣ ਘਟਨਾ ਸੀ। ਕੌਮ ਦਾ ਆਤਮਿਕ ਯੁੱਧ - ਸੱਚਮੁੱਚ ਪਰਮੇਸ਼ੁਰ ਦੀ ਪਰਜਾ ਦੇ ਰੂਪ ਵਿਚ ਉਨ੍ਹਾਂ ਦਾ ਬਚਾਅ - ਪਰਧਾਨ ਜਾਜਕ ਦੀ ਸੇਵਕਾਈ ਤੇ ਨਿਰਭਰ ਸੀ। ਲੋਕਾਂ ਨੂੰ ਇਹ ਜਾਣ ਕੇ ਤਸੱਲੀ ਮਿਲ ਸਕਦੀ ਸੀ ਕਿ ਹਾਲਾਂਕਿ **ਹਾਰੂਨ ਪ੍ਰਾਣ ਤਿਆਗ ਚੁੱਕਾ ਸੀ**, ਪਰਮੇਸ਼ੁਰ ਅੱਗੇ ਉਨ੍ਹਾਂ ਦੇ ਵਿਚੋਲੇ ਦੇ ਰੂਪ ਵਿਚ ਸੇਵਾ ਟਹਿਲ ਕਰਨ ਦੇ ਲਈ ਹਾਲੇ ਵੀ ਉਨ੍ਹਾਂ ਕੋਲ ਇਕ ਪਰਧਾਨ ਜਾਜਕ ਸੀ।

ਅਧਿਆਇ 20 ਇਕ ਨਿਰਾਸ਼ਾਜਨਕ ਚਿੱਤਰ ਨੂੰ ਪੇਸ਼ ਕਰਦਾ ਹੈ: ਮਿਰਯਮ ਮਰ ਗਈ, ਲੋਕ ਪਾਣੀ ਦੀ ਕਮੀ ਦੇ ਬਾਰੇ ਬੁੜ ਬੁੜਾਏ, ਮੂਸਾ ਅਤੇ ਹਾਰੂਨ ਨੇ ਪਾਪ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਵਾਅਦੇ ਦੀ ਧਰਤੀ ਵਿਚ ਦਾਖਲ ਨਹੀਂ ਹੋ ਸਕਦੇ, ਅਦੋਮ ਨੇ ਇਸਰਾਏਲੀਆਂ ਨੂੰ ਇਸ ਦੀ ਧਰਤੀ ਵਿੱਚੋਂ ਲੰਘਣ ਤੋਂ ਮਨ੍ਹਾ ਕਰ ਦਿੱਤਾ ਅਤੇ ਹਾਰੂਨ ਮਰ ਗਿਆ।

# ਪ੍ਰਾਸੰਗਿਕਤਾ

### ਮੂਸਾ ਦਾ ਪਾਪ (ਅਧਿਆਇ 20)

ਉਜਾੜ ਵਿਚ ਭਟਕਣ ਦੇ ਵਰਿਹਾਂ ਦੌਰਾਨ ਮੂਸਾ ਦੀਆਂ ਸਮੱਸਿਆਵਾਂ ਬਾਰੇ ਪੜ੍ਹਨ ਤੋਂ ਬਾਅਦ, ਅਸੀਂ ਨੁਕਸਾਨ ਦੇ ਡੂੰਘੇ ਭਾਵ ਵਿਚ ਉਸ ਦੇ ਨਾਲ ਸਾਂਝੀ ਹੋ ਸਕਦੇ ਹਾਂ ਜਦੋਂ ਪਰਮੇਸ਼ੁਰ ਨੇ ਉਸ ਨੂੰ ਵਾਅਦੇ ਦੇ ਦੇਸ ਵਿਚ ਨਹੀਂ ਵੜਨ ਦਿੱਤਾ। ਇਸ ਤੋਂ ਵੀ ਜ਼ਿਆਦਾ, ਅਸੀਂ ਇਸ ਤੱਥ ਦੁਆਰਾ ਨਿਰਾਸ਼ ਹੋ ਸਕਦੇ ਹਾਂ ਕਿ ਪਰਮੇਸ਼ੁਰ ਦੇ ਇਸ ਮਹਾਨ ਪਰ ਹਲੀਮ ਬੰਦੇ ਨੇ ਪਾਪ ਕੀਤਾ ਸੀ। ਮੂਸਾ ਦੀ ਅਸਫ਼ਲਤਾ ਬਾਰੇ ਸੋਚਣਾ ਸਾਡੇ ਲਈ ਨਿਰਾਸ਼ਾ ਦਾ ਕਾਰਣ ਨਹੀਂ ਹੋਣਾ ਚਾਹੀਦਾ, ਪਰ ਇਸ ਨੂੰ ਸਾਡਾ ਧਿਆਨ ਚਾਰ ਮਹੱਤਵਪੂਰਣ ਗੱਲ ਵੱਲ ਲੈ ਕੇ ਜਾਣਾ ਚਾਹੀਦਾ ਹੈ।

1. ਪਰਮੇਸ਼ੁਰ ਦਾ ਠੀਕ ਠੀਕ ਪਾਲਣ ਕਰੋ। ਜਦੋਂ ਪਰਮੇਸ਼ੁਰ ਨੇ “ਢਿੱਗ ਨੂੰ ਬੋਲਣ” ਦੇ ਲਈ ਆਖਿਆ ਅਤੇ ਮੂਸਾ ਨੇ ਬੋਲਣ ਦੀ ਬਜਾਇ ਢਿੱਗ ਨੂੰ ਮਾਰਿਆ, ਤਾਂ ਉਸ ਨੇ ਅਣਆਗਿਆਕਾਰੀ ਕੀਤੀ। ਅਸੀਂ ਸ਼ਾਇਦ ਸੋਚ ਸਕਦੇ ਹਾਂ ਕਿ ਮੂਸਾ ਦੀ ਅਸਫ਼ਲਤਾ ਇਕ ਮਾਮੂਲੀ ਜਿਹੀ ਗੱਲ ਸੀ, ਪਰ ਪਰਮੇਸ਼ੁਰ ਨੇ ਇਸ ਤਰ੍ਹਾਂ ਨਹੀਂ ਸੋਚਿਆ। ਜੇਕਰ ਉਸ ਦਾ ਵਚਨ ਸਾਡੇ ਕੋਲੋਂ ਕੁਝ ਕਰਵਾਉਣਾ ਚਾਹੁੰਦਾ ਹੈ, ਸਾਨੂੰ ਹੋਰ ਕੁਝ ਕਰਨ ਦੀ ਹਿੰਮਤ ਨਹੀਂ ਕਰਨੀ ਚਾਹੀਦੀ। ਉਦਾਹਰਣ ਦੇ ਲਈ, ਜੇਕਰ ਅੱਜ ਲੋਕ ਬਚਣਾ ਚਾਹੁੰਦੇ ਹਨ ਤਾਂ ਪਰਮੇਸ਼ੁਰ ਚਾਹੁੰਦਾ ਹੈ ਕਿ ਉਹ ਬਪਤਿਸਮਾ, ਜਾਂ ਡੁਬਕੀ ਲੈਣ। ਅਸੀਂ ਜੋ ਪਰਮੇਸ਼ੁਰ ਚਾਹੁੰਦਾ ਹੈ ਉਸ ਦੀ ਥਾਂ ਕਿਸੇ ਹੋਰ ਚੀਜ਼ ਨੂੰ ਦੇ ਕੇ ਮੁਕਤੀ ਦੇ ਉਸ

ਤੋਹਫ਼ੇ ਨੂੰ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰ ਸਕਦੇ ਜੋ ਪਰਮੇਸ਼ੁਰ ਆਗਿਆਕਾਰ ਲੋਕਾਂ ਨੂੰ ਦਿੰਦਾ ਹੈ (ਇਬਰਾਨੀਆਂ 5:8, 9)।

2. ਹਰ ਗੱਲ ਵਿਚ ਪਰਮੇਸ਼ੁਰ ਦਾ ਆਦਰ ਕਰੋ। ਸਾਨੂੰ ਉਨ੍ਹਾਂ ਸਭਨਾਂ ਗੱਲਾਂ ਦੇ ਲਈ ਪਰਮੇਸ਼ੁਰ ਨੂੰ ਮਹਿਮਾ ਦੇਣੀ ਚਾਹੀਦੀ ਹੈ ਜੋ ਸਾਡੇ ਜੀਵਨ ਵਿਚ ਚੰਗੀਆਂ ਹਨ। ਅਸੀਂ ਉਸ ਦੇ ਲਈ ਖੁਦ ਸੋਭਾ ਨਹੀਂ ਲੈ ਸਕਦੇ ਜੋ ਪਰਮੇਸ਼ੁਰ ਸਾਡੇ ਰਾਹੀਂ ਕਰਦਾ ਹੈ ਅਤੇ ਪਰਮੇਸ਼ੁਰ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਕਰ ਸਕਦੇ। ਜਿਵੇਂ ਮੂਸਾ ਨੇ ਕਿਹਾ ਸੀ, "ਵੇਖੋ ਮੈਂ ਕੀ ਕਰ ਸਕਦਾ ਹਾਂ" ਕਹਿਣ ਦੀ ਬਜਾਇ ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ "ਵੇਖੋ ਪਰਮੇਸ਼ੁਰ ਕੀ ਕਰ ਰਿਹਾ ਹੈ ਜਾਂ ਵੇਖੋ ਪਰਮੇਸ਼ੁਰ ਨੇ ਕੀ ਕੀਤਾ ਹੈ" (ਵੇਖੋ ਰਸੂਲਾਂ ਦੇ ਕਰਤੱਬ 14:27)। ਮਸੀਹੀ ਹੋਣ ਦੇ ਨਾਤੇ, ਅਸੀਂ "ਸੱਭੋ ਕੁਝ ਕਰ" ਸੱਕਦੇ ਹਾਂ - ਪਰ ਸਿਰਫ ਮਸੀਹ ਦੇ ਵਿਚ ਜੋ ਸਾਨੂੰ ਬਲ ਦਿੰਦਾ ਹੈ (ਫ਼ਿਲਿੱਪੀਆਂ 4:13)। ਆਓ ਅਸੀਂ ਹਰ ਗੱਲ ਵਿਚ ਜੋ ਅਸੀਂ ਕਰਦੇ ਹਾਂ ਪਰਮੇਸ਼ੁਰ ਨੂੰ ਮਹਿਮਾ ਦੇਈਏ (ਵੇਖੋ 1 ਕੁਰਿੰਥੀਆਂ 10:31; ਅਫ਼ਸੀਆਂ 3:21)।

3. ਪਰਮੇਸ਼ੁਰ ਵਰਗੇ ਦਿਆਲੂ ਬਣੋ। ਪਰਮੇਸ਼ੁਰ ਦੇ ਲੋਕ ਬਣਨ ਦੀ ਕੋਸ਼ਿਸ਼ ਵਿਚ, ਸਾਨੂੰ ਉਸ ਦੇ ਵਾਂਗ ਦਿਆਲੂ ਬਣਨਾ ਸਿੱਖਣਾ ਚਾਹੀਦਾ ਹੈ। ਸ਼ਾਇਦ ਪਰਮੇਸ਼ੁਰ ਨੇ ਮੂਸਾ ਨੂੰ ਉਸ ਦੀ ਪਰਜਾ ਨਾਲ ਬੇਸਬਰੀ ਦੇ ਕਾਰਨ ਠੁਕਰਾ ਦਿੱਤਾ ਸੀ। ਮੂਸਾ ਇਸਰਾਏਲੀਆਂ ਨਾਲ ਗੁੱਸਾ ਸੀ ਜਦ ਕਿ ਉਸ ਨੂੰ ਉਨ੍ਹਾਂ ਦੀਆਂ ਗਲਤੀਆਂ ਨੂੰ ਬਰਦਾਸ਼ਤ ਕਰਨਾ ਚਾਹੀਦਾ ਸੀ। ਨਵਾਂ ਨੇਮ ਚਾਹੁੰਦਾ ਹੈ ਕਿ ਅਸੀਂ ਨਾਸ ਹੋ ਰਹੇ ਲੋਕਾਂ ਨਾਲ ਪਰਮੇਸ਼ੁਰ ਦੇ ਪ੍ਰੇਮ ਨੂੰ ਵੰਡੀਏ ਅਤੇ ਦੂਜਿਆਂ ਨੂੰ ਉਸੇ ਤਰ੍ਹਾਂ ਮਾਫ਼ ਕਰੀਏ ਜਿਵੇਂ ਉਹ ਸਾਨੂੰ ਮਾਫ਼ ਕਰਦਾ ਹੈ (ਲੂਕਾ 15; ਵੇਖੋ ਅਫ਼ਸੀਆਂ 4:32; ਕੁਲੁੱਸੀਆਂ 3:13)। ਜਿਵੇਂ ਮੂਸਾ ਲੋਕਾਂ ਨਾਲ ਬਹੁਤ ਜ਼ਿਆਦਾ ਕਠੋਰ ਅਤੇ ਬੇਸਬਰਾ ਪ੍ਰਤੀਤ ਹੁੰਦਾ ਹੈ, ਅਸੀਂ ਵੀ ਬਹੁਤ ਜ਼ਿਆਦਾ ਆਲੋਚਨਾਤਮਕ ਅਤੇ ਦੋਸ਼ ਲਾਉਣ ਵਾਲੇ ਜਾਂ ਨਿਆਂ ਕਰਨ ਵਾਲੇ ਹੋ ਸਕਦੇ ਹਾਂ (ਮੱਤੀ 7:1-5)। ਸਾਨੂੰ ਨਿਆਂ ਨੂੰ ਸਾਡੇ ਆਪਣੇ ਹੱਥਾਂ ਵਿਚ ਨਹੀਂ ਲੈਣਾ ਚਾਹੀਦਾ।

4. ਸਮਝ ਲਓ ਕਿ ਚੰਗੇ ਲੋਕ ਵੀ ਪਾਪ ਕਰ ਸਕਦੇ ਅਤੇ ਪਾਪ ਦੇ ਨਤੀਜੇ ਭੁਗਤ ਸਕਦੇ ਹਨ। ਜੇਕਰ ਮੂਸਾ ਇਹ ਮੰਨਦਾ ਸੀ ਕਿ ਉਹ ਵਰਹੇ ਜੋ ਉਸ ਨੇ ਪਰਮੇਸ਼ੁਰ ਦੀ ਸੇਵਾ ਕਰਨ ਵਿਚ ਬਿਤਾਏ ਸਨ ਉਸ ਨੂੰ ਪਾਪ ਕਰਨ ਤੋਂ ਛੋਟ ਦੇ ਸਕਦੇ ਸਨ, ਤਾਂ ਉਹ ਗਲਤ ਸੀ। ਜੇਕਰ ਉਸ ਨੇ ਸੋਚਿਆ ਸੀ ਕਿ ਪਰਮੇਸ਼ੁਰ ਨਾਲ ਉਸ ਦਾ ਨਜ਼ਦੀਕੀ ਰਿਸ਼ਤਾ ਇਸ ਗੱਲ ਦੀ ਗਰੰਟੀ ਸੀ ਕਿ ਉਹ ਪਰਮੇਸ਼ੁਰ ਨੂੰ ਕਦੇ ਨਾਖੁਸ਼ ਨਹੀਂ ਸੀ ਕਰ ਸਕਦਾ, ਤਾਂ ਉਹ ਗਲਤ ਸੀ।

ਪਰਮੇਸ਼ੁਰ ਮੂਸਾ ਨੂੰ ਉਸ ਦੇ ਪਾਪ ਦੇ ਲਈ ਮਾਫ਼ ਕਰ ਸਕਦਾ ਸੀ ਅਤੇ ਪਰਮੇਸ਼ੁਰ ਨੇ ਉਸ ਨੂੰ ਮਾਫ਼ ਵੀ ਕੀਤਾ। ਅਸੀਂ ਇਸ ਦੇ ਬਾਰੇ ਨਿਸ਼ਚਤ ਹੋ ਸਕਦੇ ਹਾਂ ਕਿਉਂਕਿ ਮੂਸਾ ਸੁਰਗ ਵਿਚ ਹੈ (ਵੇਖੋ ਮੱਤੀ 17:1-5)। ਪਰ, ਫਿਰ ਵੀ ਮੂਸਾ ਨੂੰ ਉਸ ਦੇ ਪਾਪ ਦੇ ਨਤੀਜੇ ਭੁਗਤਣੇ ਪਏ ਸਨ। ਇਸੇ ਕਰਕੇ ਮੂਸਾ ਨੂੰ ਵਾਅਦੇ ਦੇ ਦੇਸ ਵਿਚ ਦਾਖਲ ਹੋਣ ਦੀ ਬਜਾਇ ਇਸ ਨੂੰ ਵੇਖਣ ਦੇ ਲਈ ਪਹਾੜ ਉੱਤੇ ਲਿਜਾਇਆ ਗਿਆ ਸੀ।

ਅਸੀਂ ਵੀ ਪਾਪ ਕਰ ਸਕਦੇ ਹਾਂ, ਭਾਵੇਂ ਅਸੀਂ ਪਰਮੇਸ਼ੁਰ ਦੇ ਕਿੰਨੇ ਵੀ ਨਜ਼ਦੀਕ ਕਿਉਂ ਨਾ ਰਹੇ ਹੋਈਏ, ਭਾਵੇਂ ਅਸੀਂ ਉਸ ਦੇ ਲਈ ਕਿੰਨਾ ਕੁਝ ਕਿਉਂ ਨਾ ਕੀਤਾ ਹੋਵੇ, ਭਾਵੇਂ ਅਸੀਂ ਉਸ ਦੇ ਰਾਜ ਵਿਚ ਕਿੰਨੇ ਲੰਬੇ ਸਮੇਂ ਤੱਕ ਸੇਵਾ ਕਿਉਂ ਨਾ ਕੀਤੀ ਹੋਵੇ। ਪੌਲੁਸ ਨੇ ਮਸੀਹੀ ਲੋਕਾਂ ਨੂੰ ਚਿਤਾਵਨੀ ਦਿੱਤੀ ਸੀ, "ਜੋ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ" (1 ਕੁਰਿੰਥੀਆਂ 10:12)। ਪਰਮੇਸ਼ੁਰ ਸਾਡੇ ਪਾਪਾਂ ਨੂੰ ਮਾਫ਼ ਕਰ ਸਕਦਾ ਹੈ ਅਤੇ ਕਰੇਗਾ ਵੀ, ਜਿਵੇਂ ਉਸ ਨੇ ਮੂਸਾ ਦੇ ਪਾਪ ਨੂੰ ਮਾਫ਼ ਕਰ ਦਿੱਤਾ ਸੀ (1 ਯੂਹੰਨਾ 1:9)। ਫਿਰ ਵੀ, ਸਾਨੂੰ ਚਾਹੀਦਾ ਹੈ ਕਿ ਅਸੀਂ ਸੁਚੇਤ ਰਹੀਏ ਭਈ ਕਿਤੇ ਪਾਪ ਦੇ ਨਤੀਜੇ ਸਾਨੂੰ ਕੋਈ ਨੁਕਾਸਨ ਨਾ ਪਹੁੰਚਾਉਣ ਜਾਂ

ਦੂਜਿਆਂ ਲਈ ਦੁੱਖ ਜਾਂ ਦਰਦ ਨਾ ਲੈ ਕੇ ਆਉਣ।

ਗਿਣਤੀ 20 ਅਧਿਆਇ ਪਾਪ, ਮੌਤ ਅਤੇ ਹਾਰ ਦੇ ਇਕ ਗਮਗੀਨ ਚਿੱਤਰ ਨੂੰ ਪੇਸ਼ ਕਰਦਾ ਹੈ, ਪਰ ਅਗਲੇ ਕਈ ਅਧਿਆਇ ਕਨਾਨ ਦੇ ਪੂਰਬ ਵੱਲ ਰਹਿੰਦੀਆਂ ਕੌਮਾਂ ਉੱਤੇ ਇਸਰਾਏਲ ਦੀਆਂ ਜਿੱਤਾਂ ਬਾਰੇ ਦੱਸਦੇ ਹਨ। ਆਖ਼ਰਕਾਰ, ਲੋਕ ਵਾਅਦੇ ਦੇ ਦੇਸ ਵਿਚ ਵੜਨਗੇ। ਉਨ੍ਹਾਂ ਦੀ ਕਹਾਣੀ ਸਾਨੂੰ ਇਹ ਚੇਤੇ ਕਰਾਉਂਦੀ ਹੈ ਕਿ ਭਾਵੇਂ ਰਾਤ ਕਿੰਨੀ ਵੀ ਕਾਲੀ ਕਿਉਂ ਨਾ ਹੋਵੇ, "... ਸਵੇਰ ਨੂੰ ਜੈ ਜੈ ਕਾਰ ਹੋਵੇਗੀ" (ਜ਼ਬੂਰ 30:5)। ਮਸੀਹੀ ਲੋਕਾਂ ਨੂੰ ਆਸ ਨੂੰ ਫੜੀ ਰੱਖਣਾ ਚਾਹੀਦਾ ਹੈ, ਭਾਵੇਂ ਵਰਤਮਾਨ ਸਮੇਂ ਵਿਚ ਹਾਲਾਤ ਕਿੰਨੇ ਵੀ ਬੁਰੇ ਕਿਉਂ ਨਾ ਲੱਗਦੇ ਹੋਣ। ਭਾਵੇਂ ਅਸੀਂ ਹਰ ਗੱਲ ਵਿਚ ਜੋ ਅਸੀਂ ਇਸ ਧਰਤੀ ਉੱਤੇ ਕਰਨ ਦੀ ਕੋਸ਼ਿਸ਼ ਕਰਦੇ ਹਾਂ ਨਿਰਾਸ਼ ਜੋ ਜਾਂਦੇ ਹਾਂ, "ਇਕ ਧਰਤੀ ਹੈ ਜੋ ਇਸ ਧਰਤੀ ਉੱਤੇ ਚੜ੍ਹਨ ਵਾਲੇ ਦਿਨ ਨਾਲੋਂ ਵੀ ਖੂਬਸੂਰਤ ਹੈ ਅਤੇ ਅਸੀਂ ਨਿਹਚਾ ਨਾਲ ਇਸ ਨੂੰ ਦੂਰੋਂ ਵੇਖ ਸਕਦੇ ਹਾਂ।"[7] ਆਓ ਅਸੀਂ ਉਸ ਦੇਸ, ਸਾਡੇ ਵਾਅਦੇ ਦੇ ਦੇਸ ਵਿਚ ਵੜਨ ਦੀ ਉਡੀਕ ਕਰੀਏ।

### ਮਿਰਯਮ, ਇਕ ਮਹਾਨ ਇਸਰਾਏਲੀ ਔਰਤ (20:1)

ਗਿਣਤੀ 20 ਵਿਚ ਮਿਰਯਮ ਦੀ ਮੌਤ ਨੇ ਇਕ ਕਮਾਲ ਦੇ ਵਿਅਕਤੀ ਦੇ ਜੀਵਨ ਨੂੰ ਖਤਮ ਕਰ ਦਿੱਤਾ ਸੀ। ਮਿਰਯਮ ਨੇ ਆਪਣੇ ਭਰਾ ਮੂਸਾ ਦੀ ਜਾਨ ਬਚਾਉਣ ਵਿਚ ਮਦਦ ਕੀਤੀ ਸੀ (ਕੂਚ 2:1-10), ਇਕ ਨਬੀਆ ਦੇ ਤੌਰ ਤੇ ਸੇਵਾ ਕੀਤੀ ਸੀ ਅਤੇ ਇਸਰਾਏਲੀਆਂ ਦੇ ਲਾਲ ਸਮੁੰਦਰ ਦੇ ਵਿੱਚੋਂ ਦੀ ਲੰਘਣ ਤੋਂ ਬਾਅਦ ਇਸਰਾਏਲੀ ਇਸਤ੍ਰੀਆਂ ਦੀ ਉਸਤਤ ਦਾ ਗੀਤ ਗਾਉਣ ਵਿਚ ਅਗਵਾਈ ਕੀਤੀ ਸੀ (ਕੂਚ 15:20, 21)। ਅੱਗੇ ਆਉਣ ਵਾਲੇ ਵਰਿਹਾਂ ਵਿਚ ਉਸ ਨੂੰ ਇਸਰਾਏਲ ਦੇ ਆਗੂਆਂ ਵਿੱਚੋਂ ਇਕ ਆਗੂ ਦੇ ਰੂਪ ਵਿਚ ਪਛਾਣਿਆ ਗਿਆ (ਮੀਕਾਹ 6:4)। ਹਾਲਾਂਕਿ ਉਸ ਨੇ ਪਾਪ ਕੀਤਾ ਸੀ ਜਦੋਂ ਉਸ ਨੇ ਮੂਸਾ ਦੇ ਇਖ਼ਤਿਆਰ ਨੂੰ ਹੜੱਪਣਾ ਚਾਹਿਆ ਸੀ (ਗਿਣਤੀ 12), ਪਰ ਫਿਰ ਵੀ ਉਹ ਪੁਰਾਣੇ ਨੇਮ ਦੇ ਇਤਹਾਸ ਵਿਚ ਸਭ ਤੋਂ ਮਹਾਨ ਇਸਰਾਏਲੀ ਔਰਤਾਂ ਵਿੱਚੋਂ ਇਕ ਪ੍ਰਸਿੱਧ ਔਰਤ ਬਣਨ ਦੀ ਹੱਕਦਾਰ ਹੈ। ਉਹ ਬਾਈਬਲ ਵਿਚ ਔਰਤਾਂ ਦੀ ਮਹੱਤਤਾ ਦੀ ਇਕ ਮਿਸਾਲ ਹੈ ਅਤੇ ਅੱਜ ਉਨ੍ਹਾਂ ਔਰਤਾਂ ਦੀ ਮਹੱਤਤਾ ਬਾਰੇ ਦੱਸਦੀ ਹੈ। ਉਸ ਦੀ ਕਹਾਣੀ ਵਿਖਾਉਂਦੀ ਹੈ ਕਿ ਔਰਤਾਂ ਅਤੇ ਮਰਦ ਦੋਵੇਂ ਪਾਪ ਦੇ ਸ਼ਿਕਾਰ ਹੋ ਸਕਦੇ ਹਨ (ਵੇਖੋ ਰੋਮੀਆਂ 3:23; 6:23)।

### ਮਸੀਹ, ਆਤਮਿਕ ਪੱਥਰ (20:2-13)

1 ਕੁਰਿੰਥੀਆਂ 10:4 ਵਿਚ, ਪੌਲੁਸ ਨੇ ਲਿਖਿਆ ਕਿ ਇਸਰਾਏਲੀ ਲੋਕਾਂ "ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ।" ਪੌਲੁਸ ਕਹਿ ਰਿਹਾ ਸੀ ਕਿ ਇਸਰਾਏਲੀਆਂ ਨੂੰ ਮਸੀਹ ਦੁਆਰਾ ਬਰਕਤ ਮਿਲੀ ਸੀ ਜਦੋਂ ਉਨ੍ਹਾਂ ਨੇ ਉਹ ਜਲ ਪੀਤਾ ਜਿਹੜਾ ਪੱਥਰ ਵਿੱਚੋਂ ਨਿੱਕਲਿਆ ਸੀ। ਕਿਉਂਕਿ ਉਨ੍ਹਾਂ ਨੇ ਉਹ ਜਲ ਪੀਤਾ ਜਿਹੜਾ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤਾ ਸੀ, ਮਸੀਹ - ਲਾਖਣਿਕ ਤੌਰ ਤੇ, ਜਾਂ ਆਤਮਿਕ ਤੌਰ ਤੇ - ਉਹ ਪੱਥਰ ਸੀ ਜਿਸ ਤੋਂ ਉਨ੍ਹਾਂ ਨੇ ਜਲ ਪੀਤਾ ਸੀ। ਇਹ ਗੱਲ ਆਖਦਿਆਂ, ਪੌਲੁਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਮਸੀਹ ਪਹਿਲਾਂ ਤੋਂ ਹੀ ਮੌਜੂਦ ਸੀ ਅਤੇ ਉਸ ਨੇ ਧਰਤੀ ਉੱਤੇ ਆਉਣ ਤੋਂ ਪਹਿਲਾਂ ਹੀ ਮੁਕਤੀ ਦੇ ਇਤਹਾਸ ਵਿਚ ਆਪਣਾ ਯੋਗਦਾਨ ਪਾਇਆ ਸੀ।

ਜਿਵੇਂ ਉਸ ਨੇ ਇਸਰਾਏਲੀਆਂ ਦੇ ਲਈ ਪਾਣੀ ਮੁਹੱਈਆ ਕਰਵਾਇਆ ਸੀ, ਉਹ ਮਸੀਹ ਦੇ ਵਸੀਲੇ ਸਾਡੇ ਲਈ ਅਣਗਿਣਤ ਬਰਕਤਾਂ ਮੁਹੱਈਆ ਕਰਦਾ ਹੈ, ਜਿਹੜਾ ਸਾਨੂੰ "ਅੰਮ੍ਰਿਤ ਜਲ" ਦਿੰਦਾ ਹੈ (ਯੂਹੰਨਾ 4:10) ਅਤੇ ਜਿਸ ਵਿੱਚੋਂ "ਅੰਮ੍ਰਿਤ ਜਲ ਦੀਆਂ ਨਦੀਆਂ" ਵਗਦੀਆਂ ਹਨ

(ਯੂਹੰਨਾ 7:38)।

## ਸ਼ਾਂਤੀਪੂਰਣ ਲੋਕ (20:14-21)

ਅਧਿਆਇ 20 ਵਿਚ ਇਸਰਾਏਲੀਆਂ ਦਾ ਅਦੋਮ ਨਾਲ ਵਿਹਾਰ ਇਹ ਵਿਖਾਉਂਦਾ ਹੈ ਕਿ ਪਰਮੇਸ਼ੁਰ ਦੇ ਲੋਕ ਸ਼ਾਂਤੀਪੂਰਣ ਲੋਕ ਸਨ ਜੋ ਯੁੱਧ ਨਹੀਂ ਸੀ ਚਾਹੁੰਦੇ। ਸਾਨੂੰ ਇਹ ਚੇਤੇ ਕਰਾਇਆ ਗਿਆ ਹੈ ਕਿ ਯਿਸੂ ਨੇ "ਮੇਲ ਕਰਾਉਣ ਵਾਲਿਆਂ" ਤੇ ਬਰਕਤਾਂ ਦਾ ਐਲਾਨ ਕੀਤਾ ਸੀ (ਮੱਤੀ 5:9) ਅਤੇ ਸਾਨੂੰ ਪਰਮੇਸ਼ੁਰ ਦੇ ਦੂਜੇ ਲੋਕਾਂ ਬਾਰੇ ਚੇਤੇ ਕਰਾਉਂਦਾ ਹੈ ਜਿਹੜੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਸ਼ਾਂਤੀਪੂਰਣ ਰਹਿਣਾ ਚਾਹੁੰਦੇ ਸਨ (ਜਿਵੇਂ ਕਿ ਅਬਰਾਹਾਮ; ਵੇਖੋ ਉਤਪਤ 13)। ਜਦ ਕਿ ਮਸੀਹੀ ਲੋਕਾਂ ਨੂੰ "ਨਿਹਚਾ ਦੇ ਲਈ ਜਤਨ ਕਰਨ" ਦੇ ਲਈ ਤਿਆਰ ਰਹਿਣਾ ਚਾਹੀਦਾ ਹੈ (ਯਹੂਦਾਹ 3), ਸਾਰੇ ਲੋਕਾਂ ਨਾਲ ਮੇਲ ਰੱਖਣ ਦੇ ਲਈ ਹਰ ਤਰ੍ਹਾਂ ਦਾ ਜਤਨ ਕਰਨਾ ਵੀ ਜ਼ਰੂਰੀ ਹੈ (ਰੋਮੀਆਂ 12:18)। ਸਾਨੂੰ, ਆਮ ਤੌਰ ਤੇ, ਸ਼ਾਂਤੀਪੂਰਣ ਲੋਕ ਬਣਨਾ ਚਾਹੀਦਾ ਹੈ ਨਾ ਕਿ ਯੁੱਧ ਲੜਨ ਵਾਲੇ ਲੋਕ।

---

ਟਿੱਪਣੀਆਂ

[1]ਸੀਨ ਦੀ ਉਜਾੜ ਦੇ ਹੋਰ ਹਵਾਲੇ 27:14; 34:3, 4; ਬਿਵਸਥਾ ਸਾਰ 32:51; ਯਹੋਸ਼ੁਆ 15:1, 3 ਵਿਚ ਦਿੱਤੇ ਗਏ ਹਨ। [2]"ਕਾਦੇਸ਼" ਨੂੰ "ਕਾਦੇਸ਼-ਬਰਨੇਆ" ਵੀ ਕਿਹਾ ਗਿਆ ਹੈ (32:8; 34:4; ਬਿਵਸਥਾ ਸਾਰ 1:2, 19; 2:14; 9:23; ਯਹੋਸ਼ੁਆ 10:41; 14:6, 7; 15:3)। [3]ਫਿਲਿਪ ਜੇ. ਬੱਡ ਦੀ ਪੁਸਤਕ ਵਰਡ ਬਿਬਲੀਕਲ ਕਮੈਂਟਰੀ, ਜਿਲਦ 5 (ਵਾਕੋ, ਟੈਕਸਾਸ: ਵਰਡ ਬੁਕਸ, 1984) ਵਿਚ ਸਫ਼ੇ 218-19 ਤੇ *ਗਿਣਤੀ* ਹੈ। [4]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 150 ਤੇ *ਗਿਣਤੀ* ਹੈ। [5]ਉਸੇ ਸਥਾਨ ਤੇ, 151-52. [6]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ੇ 394-95 ਤੇ *ਗਿਣਤੀ ਦੀ ਪੁਸਤਕ* ਹੈ। [7]ਐਸ. ਐਫ. ਬੈਨੈਟ, "ਸਵੀਟ ਬਾਏ ਐਂਡ ਬਾਏ," *ਸੌਂਗਸ ਆਫ਼ ਦ ਚਰਚ*, ਰਚਨਾ ਅਤੇ ਸੋਧ, ਆਲਟਨ ਐਚ. ਹੋਵਾਰਡ (ਵੈਸਟ ਮੋਨਰੋ, ਲੂਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1977)।